# ਭਾਗ 7

ਪਹਿਲਾਂ ਇਹ ਦਸਿਆ ਜਾ ਚੁਕਾ ਹੈ, ਕਿ ਇਹ **'ਨਾਲ ਲਿਖਿਆ' ਹੋਇਆ 'ਹੁਕਮੁ' ਹੀ**, ਕਾਇਨਾਤ ਦੇ ਜ਼ਰੇ-ਜ਼ਰੇ ਦਾ, ਆਪੋ-ਆਪਣਾ

**'ਨਿਜੀ ਧਰਮੁ' ਹੈ ।**

ਇਸ **'ਨਿਜੀ ਧਰਮੁ'** ਦੀ ਵੀਚਾਰ ਨੂੰ, ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ ।

ਹਰ ਇਕ 'ਜੀਵ', **ਆਪਣੇ ਪਿਛਲੇ ਕਰਮਾਂ ਅਨੁਸਾਰ, ਆਪਣੇ ਨਾਲ,**

ਵੱਖ-ਵੱਖ ਸੰਸਕਾਰ
ਅੱਡ-ਅੱਡ ਕਿਸਮਤ
ਵੱਖ-ਵੱਖ ਪਰਿਵਾਰਕ ਮਾਹੌਲ
ਭਿੰਨ-ਭਿੰਨ ਵਾਤਾਵਰਨ
ਅਲਗ-ਅਲਗ ਸਰੀਰਕ ਸਿਹਤ
ਦਰਜ਼ੇ ਬਾਦਰਜ਼ੇ ਲਿਆਕਤ
ਅੱਡ-ਅੱਡ ਧਰਮ
ਭਾਂਤ-ਭਾਂਤ ਦੀ ਸੰਗਤ
ਭਿੰਨ-ਭਿੰਨ ਮਾਨਸਿਕ ਬਣਤਰ
ਅਨੇਕਾਂ ਕਿਸਮਾਂ ਦੇ ਦੁਖ-ਸੁਖ

**ਲੈ ਕੇ, ਇਸ ਸੰਸਾਰ ਵਿਚ ਆਇਆ ਹੈ ।**

"**ਜੈਸੀ** ਕਲਮ ਵੁੜੀ ਹੈ ਮਸਤਕਿ, **ਤੈਸੀ** ਜੀਅੜੇ ਪਾਸਿ ॥" (ਪੰਨਾ—**74**)
"ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥"
(ਪੰਨਾ—1171)

ਇਹ 'ਨਾਲ ਲਿਖਿਆ' 'ਧਰਮੁ', **ਸਰੀਰ ਵਿਚ ਰਹਿ ਕੇ ਹੀ ਮਨੁੱਖ ਕਮਾ ਸਕਦਾ ਹੈ ।** ਇਸ 'ਨਾਲ-ਲਿਖੇ' ਧਰਮੁ ਨੂੰ ਕਮਾਉਣ ਲਈ ਅਕਾਲ ਪੁਰਖ ਨੇ, ਮਨੁੱਖ ਨੂੰ ਸਾਰੀਆਂ ਲੋੜੀਂਦੀਆਂ ਵਸਤੂਆਂ ਪ੍ਰਦਾਨ ਕੀਤੀਆਂ, ਅਤੇ ਇਸ ਦੇ ਰਹਿਣ ਲਈ



# LEKH 52 part 7 Religion or Creed

It has been stated earlier that this 'inlaid 'hukum' or command is indeed the personal religion of each and every element in the creation.

This 'inlaid religion' can be restated as follows:-

Each and every life form, according to its past *karama* or deeds brings along with it

different *sanskaar* accumulated consequences of past deeds
varied *kismet* or destiny
diverse family atmosphere
dissimilar environment
wide ranging physical health
divergent degree of intelligence
disparate religion
assorted company
varied mental make up
numerous types of pain and pleasures

into this world.

*1 As God's Pen has written on your forehead, so it shall be with your soul. 74*

*2 I sing the Word which You have written; I do not know any other Word. 1171*

Man can only cultivate this 'inlaid-religion' when he assumes and abides in this human body. The Timeless Being Waheguru, has provided man with all the necessary things to enable him to cultivate this 'inlaid religion' and for him to dwell in,

ਪ੍ਰਿਥਵੀ-ਰੂਪ 'ਧਰਮਸਾਲ' ਕਾਇਮ ਕੀਤੀ। ਇਥੇ ਹੀ ਬਸ ਨਹੀਂ, ਸਾਰੇ ਜਗਤ, ਤੇ ਇਸ ਵਿਚ ਰਹਿਣ ਵਾਲੇ ਇਸਸਾਨਾਂ ਦੇ ਕਰਮਾਂ ਦਾ, **ਨਿਬੇੜਾ ਕਰਨ ਲਈ ਗੁਝੇ ਅਸੂਲ ਬਣਾਏ।** ਇਸ ਵਿਚਾਰ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਦਰਸਾਇਆ ਹੈ :—

"ਇਹੁ ਸਰੀਰੁ ਸਭ ਧਰਮੁ ਹੈ, ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥"

(ਪੰਨਾ—309)

"ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ।"

(ਪੰਨਾ—7)

"ਕੁਦਰਤਿ ਤਖਤੁ ਰਚਾਇਆ, ਸਚਿ ਨਿਬੇੜਨਹਾਰੋ ॥" (ਪੰਨਾ—580)

"ਅੰਦਰਿ ਰਾਜਾ ਤਖਤੁ ਹੈ,
ਆਪੇ ਕਰੇ ਨਿਆਉ ॥" (ਪੰਨਾ—1092)

ਜਿਵੇਂ ਧਰਤੀ ਇਕ ਹੈ, ਇਸ ਵਿਚ ਅੱਡ-ਅੱਡ ਰੁਤਾਂ ਅਨੁਸਾਰ, ਭਿੰਨ-ਭਿੰਨ ਤਰ੍ਹਾਂ ਦੀ ਮਿੱਟੀ ਵਿਚ, ਵੱਖ-ਵੱਖ ਬੀਜ, ਬੀਜੇ ਜਾਂਦੇ ਹਨ। ਧਰਤੀ ਇਹਨਾਂ ਸਾਰਿਆਂ ਅਲਗ-ਅਲਗ ਬੀਜਾਂ ਨੂੰ, ਪ੍ਰਫੁਲਤ ਕਰਕੇ, ਭਾਂਤ ਭਾਂਤ ਦੀ ਫ਼ਸਲ ਦਾ ਰੂਪ ਦੇ ਦਿੰਦੀ ਹੈ। ਇਸੇ ਤਰ੍ਹਾਂ, ਹਰ ਜੀਵ, ਆਪਣੇ **ਪਿਛਲੇ ਕਰਮਾਂ ਦੇ ਬੀਜ ਅਨੁਸਾਰ, ਰੱਬੀ 'ਹੁਕਮ' ਵਿਚ**, ਵੱਖ-ਵੱਖ

ਸਮੇਂ
ਦੇਸ਼
ਨਸਲ
ਧਰਮ
ਮਾਲੀ ਹਾਲਤ
ਪਰਿਵਾਰਕ ਮਾਹੌਲ
ਦੁਨਿਆਵੀ ਵਾਤਾਵਰਨ
ਗੁਣ
ਅਉਗਣ
ਸਰੀਰਕ ਸਿਹਤ



Waheguru has created this world as his temple. More than this, secret laws have been formulated for the whole world and the people residing therein, to bring about and end to karamic consequences of past deeds. This concept is stated in Gurbani as follows:-

1 *This body is the home of Dharma; the Divine Light of the True Lord is within it.* 309

2 *Nights, days, weeks and seasons;*
*wind, water, fire and the nether regions*
*-in the midst of these, He established the earth as a home for Dharma.*
*Upon it, He placed the various species of beings.*
*Their names are uncounted and endless.*
*By their deeds and their actions, they shall be judged.*
*God Himself is True, and True is His Court.* 7

3 *You have made the Creation as Your Throne; You are the True Judge.* 580

4 *The King sits on the throne within the self; He Himself administers justice.* 1092

Just as there is one earth and within it there are different seasons and different types of soil in which a variety of seeds are grown. The soil helps these different types of seeds to grow and flourish and (eventually) mature into varied types of harvests. In the same way every life form according to the seeds of its previous deeds (committed in past life forms) comes to live its worldly, social and religious life according to God's command in a setting that has different

time
country
race
religion
family atmosphere
worldly environment
virtue
vices / shortcomings
physical health

ਮਾਨਸਿਕ ਲਿਆਕਤ
ਆਤਮਿਕ-ਖਿੱਚ
ਰਾਜਨੀਤਿਕ ਦਸ਼ਾ

ਅਨੁਸਾਰ, ਆਪਣਾ ਸੰਸਾਰਕ, ਸਾਮਾਜਿਕ ਤੇ ਧਾਰਮਿਕ ਜੀਵਨ ਬਤੀਤ ਕਰਨ ਆਉਂਦਾ ਹੈ।

"ਬੀਜੁ ਬੋਵਸਿ ਭੋਗ ਭੋਗਹਿ, ਕੀਆ ਅਪਣਾ ਪਾਵਏ ॥" (ਪੰਨਾ—705)

"ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨ ਸੋਈ ਭੋਗ ॥
ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥"
(ਪੰਨਾ—888)

"ਜੈਸਾ ਬੀਜੈ ਸੋ ਲੁਣੈ, ਜੇਹਾ ਪੁਰਬਿ ਕਿਨੈ ਬੋਇਆ ॥" (ਪੰਨਾ—309)

"ਜੇਹਾ ਕੀਤੋਨੁ ਤੇਹਾ ਹੋਆ, ਜੇਹੇ ਕਰਮ ਕਮਾਇ ॥" (ਪੰਨਾ—33)

"ਫਲੁ ਤੇਵੇਹੋ ਪਾਈਐ, ਜੇਵੇਹੀ ਕਾਰ ਕਮਾਈਐ ॥" (ਪੰਨਾ—468)

ਜਿਹੋ ਜਿਹਾ 'ਮਾਹੌਲ' ਮਨੁਖ ਨੂੰ ਇਸ ਸੰਸਾਰ ਵਿਚ ਮਿਲਦਾ ਹੈ, ਉਸੇ 'ਮਾਹੌਲ' ਵਿਚ ਇਸ ਨੂੰ ਸੰਸਾਰਕ ਤੇ ਧਾਰਮਿਕ ਜੀਵਨ ਬਤੀਤ ਕਰਨਾ ਪੈਂਦਾ ਹੈ, ਅਤੇ ਕਰਨਾ ਵੀ ਚਾਹੀਦਾ ਹੈ। ਕੁਝ ਕੁ 'ਮਾਹੌਲ' ਤਾਂ ਜੀਵ ਨੂੰ ਐਸੇ ਮਿਲਦੇ ਹਨ, ਕਿ ਉਹ ਧਰਮ ਦੀ ਕਮਾਈ ਕਰਨ ਵਿਚ **ਸਹਾਈ ਹੁੰਦੇ ਹਨ**, ਪਰ ਕੁਝ ਐਸੇ ਵੀ ਮਿਲਦੇ ਹਨ, ਜਿਹੜੇ ਅਤਿਅੰਤ **ਰੁਕਾਵਟਾਂ ਪਾਉਂਦੇ ਹਨ।** ਇਸ ਤਰ੍ਹਾਂ ਦੁਨੀਆਂ ਦੇ ਸਾਰੇ ਜੀਵਾਂ ਨੂੰ ਆਪੋ-ਆਪਣਾ ਸੰਸਾਰਕ ਅਤੇ ਧਾਰਮਿਕ ਜੀਵਨ ਬਤੀਤ ਕਰਨ ਵਿਚ ਅਲਗ-ਅਲਗ **'ਸਹੂਲਤਾਂ' ਅਤੇ 'ਮੁਸ਼ਕਲਾਂ' ਪੇਸ਼ ਆਉਂਦੀਆਂ ਹਨ।**

ਦੁਖ-ਸੁਖ ਭੁਗਤਨ ਨਾਲ ਹੀ ਅਸੀਂ **ਪਿਛਲੇ ਕੀਤੇ ਕਰਮਾਂ ਦਾ ਗੁੱਝਾ ਹਿਸਾਬ ਕਿਤਾਬ ਨਿਬੇੜਦੇ ਹਾਂ।** ਇਉਂ ਇਹ ਕਰਮ-ਚੱਕਰ ਤੇ ਆਵਾਗਵਨ ਦਾ ਗੇੜ ਚਲਦਾ ਰਹਿੰਦਾ ਹੈ। ਕਰਮ ਇਨਸਾਨ ਆਪ ਕਰਦਾ ਹੈ, ਪਰ ਅਗਿਆਨ ਵਸ, ਪੂਰਬਲੇ ਕਰਮਾਂ ਬਾਰੇ ਸੋਝੀ ਨਾ ਹੋਣ ਕਰਕੇ, **ਦੂਜਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ।** ਦੁਖ-ਸੁਖ ਦੀ ਅਸਲੀਅਤ, ਅਤੇ ਨਿਰਮਲ-ਕਰਮ ਕਰਨ ਦੀ ਪ੍ਰੇਰਨਾ ਗੁਰਬਾਣੀ ਵਿਚ ਇਉਂ ਦਰਸਾਈ ਗਈ ਹੈ :—

"ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ॥"
(ਪੰਨਾ—433)



mental knowledge
spiritual pull
(and) political inclination.

1 *As are the seeds he plants, so are the pleasures he enjoys; he receives the consequences of his own actions.* 705

2 *Don't blame others, O people;*
*as you plant, so shall you harvest.*
*By your actions, you have bound yourself.*
*You come and go, entangled in Maya.* 888

3 *As you plant, so shall you harvest, according to what you planted in the past.* 309

4 *Whatever He does, comes to pass. All act according to His Will.* 33

5 *As are the actions we commit, so are the rewards we receive.* 468

Whatever environment man gets in this world, he has to live his worldly and religious in that very environment; in fact he should do it. There are some 'environments' that man finds himself in which support him in cultivating religion, but there are others that come by which place numerous obstacles along the path. In this way all human beings, in the process of living their own worldly and spiritual lives in this world, have to deal with a variety of 'facilities'(which help him) and 'difficulties' (which he has to overcome).

It is only by going through the path of pain and pleasure that we are able to settle the secret account of our past deeds. In this way the cycle of deeds and the cycle of transmigration keeps going. Man commits the deeds himself, but he blames others because of his ignorance in not being aware of the deeds that he committed in his past lives. The reality of pain and pleasure and the motivation to indulge in virtuous deeds are stated in Gurbani as follows:-

6 *Dadda: Do not blame anyone else; blame instead your own actions.*
*Whatever I did, for that I have suffered; I do not blame anyone else.* 433

"ਅਹਿਕਰੁ ਕਰੇ ਸੁ ਅਹਿਕਰੁ ਪਾਏ,
ਕੋਈ ਨ ਪਕੜੀਐ ਕਿਸੈ ਥਾਇ ॥" (ਪੰਨਾ—406)
"ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤ ॥" (ਪੰਨਾ—134)
"ਤੂੰ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥" (ਪੰਨਾ—1107)
"ਮਨ ਨਿਰਮਲ ਕਰਮ ਕਰਿ, ਤਾਰਨ ਤਰਨ ਹਰਿ,
ਅਵਰਿ ਜੰਜਾਲ ਤੇਰੈ ਕਾਹੂ ਨ ਕਾਮਿ ਜੀਉ ॥" (ਪੰਨਾ—678)
"ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥" (ਪੰਨਾ—397)

ਉਪਰਲੀ ਵਿਚਾਰ ਤੋਂ ਸੁਤੇ ਸਿਧ ਸਪਸ਼ਟ ਹੈ ਕਿ ਦੁਖ-ਸੁਖ ਮਨੁਖ ਨੂੰ, ਰੱਬੀ ਹੁਕਮ ਵਿਚ, ਆਪਣੇ ਹੀ ਕੀਤੇ ਕਰਮਾਂ ਅਨੁਸਾਰ ਮਿਲਦੇ ਹਨ। ਇਸ ਲਈ ਦੁਖ ਮਿਲਣ ਤੇ, **ਕਿਸੇ ਦੂਜੇ ਨੂੰ ਦੋਸ਼ੀ ਠਹਿਰਾਉਣਾ ਜਾਂ ਰੱਬ ਨੂੰ ਸ਼ਿਕਾਇਤ ਕਰਨੀ, ਮਨੁਖ ਦੀ ਭੁਲ ਹੈ। ਦੁਖ-ਭੁਖ ਤਾਂ ਪ੍ਰਭੂ ਦੀ ਕਿਰਪਾ ਦਾ ਹੀ ਇਕ ਰੂਪ ਹੈ,** ਕਿਉਂਕਿ ਦੁਖ-ਭੁਖ ਵਿਚ ਹੀ ਮਨੁਖ ਨੂੰ ਪ੍ਰਭੂ ਦੀ ਰਜ਼ਾ ਵਿਚ ਟੁਰਨ ਦੀ ਸਮਝ ਪੈਂਦੀ ਹੈ। ਇਹਨਾਂ ਸਭ ਰੁਕਾਵਟਾਂ ਦਾ ਸਾਹਮਣਾ ਕਰਦਿਆਂ ਹੀ ਮਨੁਖ ਨੇ ਆਪਣੀ ਮੰਜ਼ਿਲ ਤਕ ਪਹੁੰਚਣਾ ਹੈ। ਗੁਰਬਾਣੀ ਇਨਸਾਨ ਨੂੰ ਇਹ ਜੀਵਨ-ਜਾਚ ਸਿਖਾਉਂਦੀ ਹੈ, ਕਿ ਇਸ **ਕੁਦਰਤੀ ਭੇਦ ਨੂੰ ਸਮਝਣ ਲਈ**, ਤੂੰ ਗੁਰੂ ਨੂੰ ਮਿਲ ਕੇ, **ਪ੍ਰਭੂ ਦੇ ਹੁਕਮੁ ਨੂੰ ਪਹਿਚਾਣ ਤੇ ਬੂਝ।** ਦੁਖ-ਸੁਖ ਵਿਚ ਉਸੇ ਨੂੰ ਹੀ ਯਾਦ ਕਰ, ਉਸਦਾ ਹੀ ਸ਼ੁਕਰ ਕਰ। ਇਉਂ ਤੂੰ ਸਦਾ ਲਈ ਸੁਖੀ ਹੋ ਜਾਵੇਂਗਾ।

"ਜਬ ਲਗੁ ਹੁਕਮੁ ਨ ਬੂਝਤਾ, ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ, ਤਬ ਹੀ ਤੇ ਸੁਖੀਆ ॥" (ਪੰਨਾ—400)
"ਜੋ ਪ੍ਰਭੁ ਕਰੈ ਸੋਈ ਭਲ ਮਾਨਹੁ,
ਸੁਖਿ-ਦੁਖਿ ਓਹੀ ਧਿਆਈਐ ਰੇ ॥" (ਪੰਨਾ—209)
"ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥" (ਪੰਨਾ—25)
"ਪ੍ਰਣਵਤਿ ਨਾਨਕੁ ਹੁਕਮੁ ਪਛਾਣੈ,
ਸੁਖੁ ਹੋਵੈ ਦਿਨੁ ਰਾਤੀ ॥" (ਪੰਨਾ—156)
"ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥" (ਪੰਨਾ—5)
"ਮਨ ਮੂਰਖ ਕਾਹੇ ਬਿਲਲਾਈਐ ॥
ਪੁਰਬ ਲਿਖੇ ਕਾ ਲਿਖਿਆ ਪਾਈਐ ॥



1 *As we act, so are the rewards we receive; no one can take the place of another.* 406

2 *As one plants, so does he harvest; the body is the field of actions.* 706

3 *Listen: according to the karma of their past actions, each and every person experiences happiness or sorrow; whatever You give, Lord, is good.* 1107

4 *O mind, do only deeds of purity; the Lord is the only boat to carry you across. Other entanglements shall be of no use to you.* 678

5 *So, do that work, by which your face shall be made radiant.* 397

It is certainly clear from the above discussion that the pain and pleasure that man faces as the result of his own past actions, is in accordance with the Divine Command. This is why when pain comes it is a fallacy to lay the blame on someone or to complain to God. Pain and hunger is one form of God's blessing, because it is only in pain and hunger, that man begins to understand the need to walk the path of God's Will. Gurbani teaches man the way to live this life, where, in order understand nature's secret "you have to meet with the Guru and discover and unravel the Will of God. In times of pain and pleasure keep Him in your mind. In this way you will attain eternal peace."

6 *As long as he does not understand the Command of God's Will, he remains miserable.*
*Meeting with the Guru, he comes to recognize God's Will, and then, he becomes happy.* 400

7 *Whatever God does, accept that with pleasure; in comfort and in suffering, meditate on Him.* 209

8 *But when the pain comes, then I call upon You.* 25

9 *Prays Nanak, recognizing the Lord's Command, I am at peace, day and night.* 156

10 *So many endure distress, deprivation and constant abuse.*
*Even these are Your Gifts, O Great Giver!* 5

11 *O foolish mind, why do you cry and bewail?*
*You shall obtain your pre-ordained destiny.* 283

ਦੁਖ ਸੁਖ ਪ੍ਰਭ ਦੇਵਨਹਾਰੁ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥
ਭੂਲਾ ਕਾਹੇ ਫਿਰਹਿ ਅਜਾਨ ॥" (ਪੰਨਾ—283)
"ਦੁਖੁ ਦਾਰੂ ਸੁਖੁ ਰੋਗੁ ਭਇਆ,
ਜਾ ਸੁਖੁ ਤਾਮਿ ਨ ਹੋਈ ॥" (ਪੰਨਾ—469)

ਉਪਰਲੀ ਵਿਚਾਰ ਤੋਂ ਇਕ ਹੋਰ ਨੁਕਤਾ ਉਭਰ ਕੇ ਆਉਂਦਾ ਹੈ ਕਿ, ਹਾਲਾਂ ਕਿ ਰੱਬੀ ਰਜ਼ਾ ਵਿਚ ਹਰ ਇਕ ਜੀਵ ਦਾ ਪਹਿਲਾਂ, ਬਾਹਰੋਂ ਅੱਡ-ਅੱਡ ਸੰਸਾਰਕ, ਸਾਮਾਜਿਕ ਅਤੇ ਸਰੀਰਕ ਜੀਵਨ ਹੁੰਦਾ ਹੈ, ਪਰ ਉਹ **ਆਪਣੇ ਧਰਮ ਵਿਚ ਦੈਵੀ ਗੁਣ ਧਾਰਨ ਕਰਦਾ ਹੋਇਆ, ਇਕੋ-ਇਕ 'ਆਤਮਿਕ-ਧਰਮੁ' ਤਕ ਪਹੁੰਚ ਸਕਦਾ ਹੈ।** ਇਸ ਦਾ ਪ੍ਰਤੱਖ ਸਬੂਤ ਇਹ ਹੈ, ਕਿ ਭਗਤ ਕਬੀਰ, ਨਾਮਦੇਵ, ਫਰੀਦ, ਤ੍ਰਿਲੋਚਨ, ਧੰਨਾ, ਸੈਣ ਜੀ ਆਦਿ ਨੇ, ਆਪਣੀ ਧਾਰਮਿਕ ਕਮਾਈ ਵੱਖ-ਵੱਖ ਸਮੇਂ, ਅਲਗ-ਅਲਗ ਮਾਹੌਲ, ਭਿੰਨ-ਭਿੰਨ ਧਰਮਾਂ ਤੇ ਰੁਕਾਵਟਾਂ ਵਿਚ ਸ਼ੁਰੂ ਕੀਤੀ, ਪਰ ਪ੍ਰਭੂ ਦੀ ਮਿਹਰ ਦਾ ਸਦਕਾ, ਅੰਤ ਨੂੰ ਸਾਰੇ 'ਇਕੋ-ਇਕ ਆਤਮਿਕ ਧਰਮੁ' ਤਕ ਪਹੁੰਚ ਗਏ ਅਤੇ ਸਾਰਿਆਂ ਨੇ

"ਏਕ ਨੂਰ ਤੇ ਸਭੁ ਜਗੁ ਉਪਜਿਆ,
ਕਉਨ ਭਲੇ ਕੋ ਮੰਦੇ ॥" (ਪੰਨਾ—1349)
ਜਾਂ "ਆਈ ਪੰਥੀ ਸਗਲ ਜਮਾਤੀ" (ਪੰਨਾ—6)
ਦਾ ਪ੍ਰਚਾਰ ਕਰਕੇ, ਸਭ ਨੂੰ **ਆਪਸੀ ਪ੍ਰੇਮ ਤੇ ਸਾਂਝੀਵਾਲਤਾ ਦਾ ਉਪਦੇਸ਼ ਦਿਤਾ।**

**ਧਾਰਮਿਕ 'ਅਨੇਕਤਾ'** ਨੂੰ, ਠੀਕ ਤਰੀਕੇ ਨਾਲ ਸਮਝਣ ਲਈ, ਹੇਠਲੀ ਵਿਚਾਰ ਹੋਰ ਭੀ ਸਹਾਇਕ ਹੋ ਸਕਦੀ ਹੈ।

ਇਕੋ ਰੱਬ ਦੀ ਰਚੀ ਕੁਦਰਤ ਵਿਚ, ਵਿਆਪਕ ਅਨੇਕਤਾ (Variety) ਨੂੰ ਹਰ ਇਕ ਗੁਰੂ, ਮਹਾਂਪੁਰਸ਼, ਭਗਤ ਨੇ ਵਡਿਆਇਆ ਤੇ ਸਵੀਕਾਰਿਆ ਹੈ। ਇਹ **'ਅਨੇਕਤਾ' ਕੁਦਰਤ ਦਾ ਸ਼ਿੰਗਾਰ ਹੈ।**

"ਸੂਰਜੁ ਏਕੋ ਰੁਤਿ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥" (ਪੰਨਾ—12)
"ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥" (ਜਾਪੁ ਪਾ: ੧੦)

ਗੁਰਬਾਣੀ ਦੀ ਪੰਗਤੀ :—
"ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥" (ਪੰਨਾ—1185)
ਅਨੁਸਾਰ ਜੇ ਇਕ ਫੁਲ ਆਪਣੇ ਘਮੰਡ ਨੂੰ ਤਿਆਗਦਿਆਂ ਹੋਇਆਂ, ਦੂਸਰੇ ਫੁਲ ਨੂੰ



1 *God is the Giver of pain and pleasure.*
*Abandon others, and think of Him alone.*
*Whatever He does - take comfort in that.*
*Why do you wander around, you ignorant fool?* 283

2 *Suffering is the medicine, and pleasure the disease, because where there is pleasure, there is no desire for God.* 469

From the above discussion another point surfaces. While at first (it is true that) every living being that abides by the will of God, has a different destiny, different social and physical life, but while cultivating divine virtues in his religion, he can progress to the one and only one 'Spiritual Religion'. The proof of this is as follows; Bhagat - Kabir, Namdev, Fareed, Trilochan, Dhanna, Sai-n Ji etc., undertook the cultivation of their religious discipline at a different time, in a different atmosphere, in different relgions with their (inherent) obstacles but in the end by the Grace of God they all progressed to the 'one and only spiritual religion' and all of them preached

3 *From the One Light, the entire universe welled up. So who is good, and who is bad?* 1349
*or*
4 *See the brotherhood of all mankind as the highest order of Yogis* 6

and sent a (powerful) message of love and partnership between one another.

To understand the religious 'variety the foregoing discussion will be even more helpful

Every guru, highly evolved soul, bhagat has praised and welcomed the inherent variety that is present in the creation of the One Lord. This variety is the beauty of the creation.

5 *Various seasons originate from the one sun;*
*O Nanak, in just the same way, the many forms originate from the Creator.* 13

6 *You are one, manifested in many, visible in innumerable forms* *JaaP P!0*

According to this quotation from Gurbani

7 *Behold the flowers flowering, and the blossoms blossoming forth!*
*Renounce and abandon your egotism.* 1185

if one flower on renouncing its egotism, sees another flower

ਖਿੜਿਆ ਦੇਖ ਕੇ, **ਖੁਦ ਖਿੜਦਾ ਹੈ**, ਤਾਂ ਸ੍ਰੋਮਣੀ ਜੂਨ ਦਾ ਚੋਲਾ ਪਹਿਨਿਆ ਹੋਇਆ ਮਨੁਖ, ਦੂਜੇ ਧਰਮੀ ਨੂੰ ਦੇਖ ਕੇ, **ਕਿਉਂ ਨਹੀਂ ਖਿੜਦਾ ??**

ਇਸ ਨੁਕਤੇ ਨੂੰ ਸਮਝਣ ਲਈ ਹੇਠਲੀ ਮਿਸਾਲ ਦਿੱਤੀ ਜਾਂਦੀ ਹੈ :—

ਚਮੇਲੀ ਦਾ ਫੁਲ, ਗੁਲਾਬ ਦੇ ਫੁਲ ਦੀ ਸੁੰਦਰਤਾ ਤੇ ਮਹਿਕ ਨਾਲ

**ਮੁਕਾਬਲਾ ਨਹੀਂ ਕਰ ਰਿਹਾ ।**

ਚਮੇਲੀ ਦਾ ਫੁਲ, ਗੁਲਾਬ ਦੇ ਪੌਦੇ ਵਿਚ ਕੰਡੇ ਦੇਖ ਕੇ, ਉਸ ਨਾਲ

**ਘਿਰਣਾ ਅਤੇ ਨਿੰਦਿਆ ਨਹੀਂ ਕਰਦਾ ।**

ਇਸੇ ਤਰ੍ਹਾਂ, ਸਾਰੀਆਂ ਕਿਸਮਾਂ ਦੇ ਫੁਲ, ਇਕ **ਦੂਜੇ ਦੇ** ਨਾ-ਮਾਤਰ ਅਉਗਣਾਂ ਨੂੰ **ਭੁਲ ਕੇ**, ਦੂਰੋਂ ਹੀ **ਸੁੰਦਰਤਾ, ਰੰਗ ਤੇ ਖੁਸ਼ਬੂ** ਇਕ ਦੂਜੇ ਨੂੰ ਵੰਡ ਰਹੇ ਹਨ, ਅਤੇ

"ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥" (ਪੰਨਾ—766)

ਦੀ ਸਾਰਿਆਂ ਵਲੋਂ **ਸੁਤੇ-ਸਿਧ ਕਮਾਈ ਹੋ ਰਹੀ ਹੈ ।**

ਇਸ ਢੰਗ ਨਾਲ :—

ਇਕ ਨਾਲ ਦਾ ਛੋਟਾ ਪਹਾੜ, ਦੂਸਰੇ ਵਡੇ ਪਹਾੜ ਦੀ **ਵਿਰੋਧਤਾ ਨਹੀਂ ਕਰਦਾ**, ਸਗੋਂ ਦੋਨੋਂ ਇਕ ਦੂਜੇ ਦੀ ਸਹਾਇਤਾ ਲਈ ਅਸਥਿਤ ਹਨ; ਅਤੇ **ਕੁਦਰਤ ਦੇ ਸ਼ਿੰਗਾਰ ਵਿਚ ਸ਼ਾਮਿਲ ਹੁੰਦੇ ਹਨ ।**

ਪਰ ਅਫਸੋਸ ਹੈ, ਕਿ **ਮਨੁਖ ਨੇ ਕੁਦਰਤ ਤੋਂ ਕੁਝ ਨਹੀਂ ਸਿਖਿਆ** !!

"ਅੰਬ੍ਰਿਤ ਧਰਮੇ ॥......
ਅਖੱਲ ਧਰਮੰ ॥" (ਜਾਪ ਪਾ. ੧੦)

"ਪੂਰੇ ਕਾ ਕੀਆ ਸਭ ਕਿਛੁ ਪੂਰਾ, ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ, ਪੂਰੇ ਮਾਂਹਿ ਸਮਾਂਹੀ ॥" (ਪੰਨਾ—1412)

"ਨਿੰਦਉ ਨਾਹੀ ਕਾਹੂ ਬਾਤੈ, ਏਹੁ ਖਸਮ ਕਾ ਕੀਆ ॥" (ਪੰਨਾ—611)

ਉਪਰਲੇ ਗੁਰਬਾਣੀ ਦੇ ਫੁਰਮਾਨਾਂ ਅਨੁਸਾਰ, ਰੱਬ ਦੀ ਕੁਦਰਤ ਅਤੇ ਇਸ ਵਿਚ ਪਰਵਿਰਤ **'ਹੁਕਮੁ-ਰੂਪੀ' ਨਿਯਮ ਬਿਲਕੁਲ ਮੁਕੰਮਲ ਹਨ ।** ਇਸ ਵਿਚ ਕੁਝ ਵੀ **ਉਣਾ ਤੇ ਫਾਲਤੂ ਨਹੀਂ ਹੈ**, ਅਤੇ ਪ੍ਰਭੂ ਦੀ ਰਚਨਾ ਦੇ ਕਿਸੇ ਵੀ ਪੱਖ ਵਿਚ **ਨੁਕਸ ਨਹੀਂ ਹੋ ਸਕਦਾ !**

ਇਸੇ ਤਰ੍ਹਾਂ, **ਸਾਰੇ 'ਧਰਮ', ਪ੍ਰਭੂ ਦੀ ਰਜ਼ਾ ਵਿਚ ਬਣੇ ਹਨ,** ਅਤੇ ਇਹਨਾਂ



blooming, it too blooms (all the more), then why doesn't man, who wears the cloak of the supreme form of life, bloom when he sees other religions??

To further understand this point, another examples is given below:-

Beauty and fragrance wise, the 'chamaylee' flower

cannot compete with the rose flower.

The chamaylee flower, upon seeing the thorns in the rose plant, it

does not hate or slander it.

In the same way all the different types of flowers, overlooking and disregarding each others shortcomings, from a distance itself they are sharing the beauty, colour and fragrance with each other and (as Guru Ji says)

1 *Let us form a partnership, and share our virtues; let us abandon our faults, and walk on the Path.* *766*

all of them are automatically cultivating (this call of the Guru).

In the same way:-

One small hill does not confront a bigger hill next to it. On the contrary both are steadfast in their readiness to assist each other and the presence of both enhances natures beauty.

But the sad thing is that, man has not learnt anything from nature.

2 *Immutable is your order...... complete and pervasive is your order....P10*

3 *All that the Perfect Lord does is perfect; there is not too little, or too much.*
*O Nanak, knowing this as Gurmukh, the mortal merges into the Perfect Lord God.* *1412*

4 *Don't indulge in slander for any reason, for everything is the creation of the Lord and Master.* *611*

According to the above quotations from Gurbani, God's creation and the 'command-like' laws that prevail therein are perfect. There is nothing less or lacking in it and there can be no shortcoming from any angle in God's creation.

Similarly all religions are created by the Will of God and

ਸਾਰਿਆਂ ਧਰਮਾਂ ਵਿਚ ਪ੍ਰਭੂ ਵਸਦਾ ਹੈ, ਜਿਹਾ ਕਿ :—

"ਕਹੂੰ ਹੁਇਕੈ ਹਿੰਦੂਆ, ਗਾਇਤ੍ਰੀ ਕੋ ਗੁਪਤ ਜਪਿਓ,
ਕਹੂੰ ਹੁਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ ॥
ਕਹੂੰ ਕੋਕ ਕਾਬ ਹੁਇਕੈ, ਪੁਰਾਨ ਕੋ ਪੜ੍ਹਤ ਮਤ,
ਕਤਹੂੰ ਕੁਰਾਨ ਕੋ, ਨਿਦਾਨ ਜਾਨ ਲੇਤ ਹੋ ॥
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸਰਗੁਨ ਸਮੇਤ ਹੋ ॥ 12 ॥

(ਅਕਾਲ ਉਸਤਤਿ ਪਾ: ੧੦)

"ਕਹੂੰ ਜਟਾਧਾਰੀ, ਕਹੂੰ ਕੰਠ ਧਰੇ ਬ੍ਰਹਮਚਾਰੀ,
ਕਹੂੰ ਜੋਗ ਸਾਧੀ, ਕਹੂੰ ਸਾਧਨਾ ਕਰਤ ਹੋ ॥
ਕਹੂੰ ਕਾਨ ਫਾਰੇ, ਕਹੂੰ ਡੰਡੀ ਹੋਇ ਪਧਾਰੇ,
ਕਹੂੰ ਫੂਕ ਫੂਕ ਪਾਵਨ ਕਉ, ਪ੍ਰਿਥੀ ਪੈ ਧਰਤ ਹੋ ॥" 15 ॥

(ਅਕਾਲ ਉਸਤਤਿ ਪਾ: ੧੦)

"ਕਬਹੂ ਹੋਇ ਪੰਡਿਤੁ ਕਰੇ ਬਖ੍ਯ਼ਾਨੁ ॥
ਕਬਹੂ ਮੋਨਿ ਧਾਰੀ ਲਾਵੈ ਧਿਆਨੁ ॥
ਕਬਹੂ ਤਟ ਤੀਰਥ ਇਸਨਾਨ ॥
ਕਬਹੂ ਸਿਧ ਸਾਧਿਕ ਮੁਖਿ ਗਿਆਨ ॥......
ਜੋ ਤਿਸੁ ਭਾਵੈ ਸੋਈ ਹੋਇ ॥
ਨਾਨਕ ਦੂਜਾ ਅਵਰੁ ਨ ਕੋਇ ॥" (ਪੰਨਾ—277-8)

ਜਿਵੇਂ

ਸਾਰਿਆਂ ਫੁਲਾਂ ਵਿਚ ਖੁਸ਼ਬੂ ਤੇ ਸੁੰਦਰਤਾ ਹੈ ।
ਹਰ ਕਿਸਮ ਦੇ ਦੁਧ ਵਿਚ ਘਿਉ ਹੈ ।
ਸਾਰੇ ਫਲਾਂ ਵਿਚ ਮਿਠਾਸ ਹੈ ।

ਠੀਕ—ਇਸੇ ਤਰ੍ਹਾਂ, ਸਾਰੇ ਧਰਮਾਂ ਵਿਚ, ਛੁਪੇ ਹੋਏ ਦੈਵੀ ਗੁਣ ਜ਼ਰੂਰ ਹੁੰਦੇ ਹਨ ।

ਗੁਲਾਬ ਦੇ ਫੁਲ ਦੀ ਸੁੰਦਰਤਾ ਤੇ ਮਹਿਕ ਮਾਣਨ ਲਈ, ਸਾਨੂੰ ਸਿਰਫ਼ ਨਜ਼ਦੀਕ ਜਾਣ ਦੀ ਲੋੜ ਹੈ। ਪਰ ਜਦੋਂ ਅਸੀਂ ਖ਼ੁਦਗਰਜ਼ੀ ਵਿਚ, ਫੁਲ ਦੀ ਸੁੰਦਰਤਾ ਅਤੇ ਮਹਿਕ ਉਤੇ ਕਬਜ਼ਾ ਕਰਨ ਲਈ ਉਸਨੂੰ ਤੋੜਦੇ ਹਾਂ, ਤਾਂ ਕੰਡੇ ਚੁਭਣੇ ਲਾਜ਼ਮੀ ਹਨ ।



in all of these religions, God resides, as in

1 *In the Hindu reciting hymns from the Gayatri,*
*In the Muslim quazi calling from the mosque.*
*You are in the ones who study Koka's work or Puranas,*
*In the scholars studying tenants of the Quran.*
*You are in those who follow the Vedas and those who oppose them,*
*You are beyond three gunas and still with attributes.*

*Akaal Ustat 12 P10*

2 *You are the rishi with matted hair, in the celibates with wooden necklace*
*and in the yogi engrossed in meditation.*
*Sometimes you are in the yogi with pierced ears, in the ascetic*
*and also in the Jain monks who tread the earth very cautiously.*

*Akaal Ustat 15 P10*

3 *Sometimes, as scholars, they deliver lectures.*
*Sometimes, they hold to silence in deep meditation.*
*Sometimes, they take cleansing baths at places of pilgrimage.*
*Sometimes, as Siddhas or seekers, they impart spiritual wisdom.........*
*Whatever pleases Him, comes to pass.*
*O Nanak there is no other at all* 277

Just as

There is fragrance and beauty in all flowers,
There is ghee in every type of milk.,
There is sweetness in all types of flowers,

exactly in the same way divine virtues lie hidden in all religions.

To enjoy the beauty and the fragrance of a rose flower we only have to go near it. But when we, out of our selfishness, want to take possession of the flower's beauty and fragrance by plucking it, then it is certain that the thorns will prick us.

ਇਸੇ ਤਰ੍ਹਾਂ ਦੂਜੇ 'ਧਰਮਾਂ' ਨਾਲ **ਘਿਰਨਾ ਅਤੇ ਵਿਰੋਧਤਾ ਕਰਦਿਆਂ ਕੰਡੇ ਲਾਜ਼ਮੀ ਚੁਭਦੇ ਹਨ।** ਜਦੋਂ ਕੋਈ ਅਗਿਆਨਤਾ ਵਸ ਹੋ ਕੇ, ਦੂਜਿਆਂ ਨੂੰ ਘਿਰਨਾ ਭਰੀ ਦ੍ਰਿਸ਼ਟੀ ਨਾਲ ਦੇਖਦਾ ਹੈ ਤਾਂ ਉਸਦਾ ਨਤੀਜਾ ਕੁਦਰਤੀ ਤੌਰ ਤੇ **ਦੁਖਦਾਇਕ ਹੁੰਦਾ ਹੈ।**

ਪਰੰਤੂ ਇਸਦੇ ਉਲਟ ਕਿਸੇ **ਦੂਸਰੇ ਧਰਮ ਦੇ ਗੁਣ ਸਾਂਝੇ ਕਰਨ ਲਈ**, ਕੇਵਲ ਉਸਨੂੰ **ਸਵੀਕਾਰਕ—ਦ੍ਰਿਸ਼ਟੀਕੋਨ** (Positive-approach) **ਤੋਂ ਦੇਖਣ ਦੀ ਲੋੜ ਹੈ।** ਉਸ ਦੀ ਚੰਗਿਆਈ ਅਥਵਾ ਮਹਿਕ ਤੇ ਖੁਸ਼ਬੂ ਖੁਦਬਖੁਦ ਪ੍ਰਾਪਤ ਹੋ ਜਾਵੇਗੀ। ਗੁਰਬਾਣੀ ਬਿਆਨ ਕਰਦੀ ਹੈ :—

"**ਬੇਦ ਕਤੇਬ ਕਹਹੁ ਮਤ ਝੂਠੇ,**
**ਝੂਠਾ ਜੋ ਨ ਬਿਚਾਰੈ ॥"** (ਪੰਨਾ—1350)

"ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ,
ਫਿਰਹਿ ਜਿਉ ਬੇਤਾਲਿਆ ॥" (ਪੰਨਾ—919)

"ਸਾਸਤੁ ਬੇਦੁ ਨ ਮਾਨੈ ਕੋਇ ॥
ਆਪੋ ਆਪੈ ਪੂਜਾ ਹੋਇ ॥" (ਪੰਨਾ—951)

ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਕਿ **ਪ੍ਰਭੂ-ਪ੍ਰੇਮ ਵਿਚ ਲੀਨ ਹੋਣਾ ਹੀ**, ਇਨਸਾਨ ਦਾ ਸਭ ਤੋਂ ਜ਼ਰੂਰੀ ਤੇ **ਮੁਖ 'ਧਰਮੁ' ਹੈ।** ਪਰ ਇਹ **'ਮੰਜ਼ਿਲ'** ਗੱਲੀਂ ਬਾਤੀਂ ਨਹੀਂ ਪ੍ਰਾਪਤ ਹੁੰਦੀ। ਇਸ ਪ੍ਰਾਪਤੀ ਲਈ ਮਨੁਖ ਨੂੰ ਗੁਰੂ ਦਾ ਆਸਰਾ ਲੈ ਕੇ ਅਨੇਕਾਂ ਸਿਲਸਿਲੇ ਵਾਰ ਪਉੜੀਆਂ ਚੜ੍ਹਨੀਆਂ ਪੈਂਦੀਆਂ ਹਨ। ਇਹ ਸਿਲਸਿਲਾ-ਵਾਰ ਪਉੜੀਆਂ ਚੜ੍ਹਨ ਲਈ, ਸਾਰੇ ਲੋਕ ਆਪਣੇ-ਆਪਣੇ ਧਰਮ ਦੀਆਂ ਵੱਖ-ਵੱਖ ਸਾਧਨਾਵਾਂ ਅਪਨਾਉਂਦੇ ਹਨ।

ਪਰ ਇਥੇ, ਸਾਰੇ ਬਾਹਰਲੇ ਧਰਮਾਂ ਲਈ ਕੁਝ **ਬੁਨਿਆਦੀ ਤੇ ਸਾਂਝੇ ਗੁਣਾਂ ਜਾਂ ਸਿਧਾਂਤਾਂ ਦੀ ਵਿਚਾਰ ਕਰਨੀ ਲੋੜੀਂਦੀ ਹੈ**, ਨਹੀਂ ਤਾਂ ਅਸੀਂ ਇਸ ਸੋਝੀ ਤੋਂ ਬਗੈਰ, ਸਹੀ ਧਾਰਮਿਕ ਰਸਤੇ ਤੋਂ **ਭਟਕ ਜਾਂ ਖੁੰਝ ਜਾਵਾਂਗੇ**, ਅਤੇ ਪ੍ਰਭੂ-ਪ੍ਰੇਮ ਦੀ **ਮੰਜ਼ਿਲ** ਤਕ ਨਹੀਂ ਪਹੁੰਚ ਸਕਾਂਗੇ।

ਗੁਰਬਾਣੀ ਦੀ ਰੋਸ਼ਨੀ ਵਿਚ, **ਸਤੁ, ਸੰਤੋਖ, ਦਇਆ ਅਤੇ ਧੀਰਜ**, 'ਧਰਮ' ਦੇ ਚਾਰ ਬੁਨਿਆਦੀ-ਗੁਣ ਜਾਂ ਪੈਰ ਮੰਨੇ ਗਏ ਹਨ। ਇਸ ਸਚਾਈ ਨੂੰ ਹੋਰ ਅਨੇਕਾਂ ਧਰਮਾਂ ਨੇ ਵੀ ਕਬੂਲਿਆ ਹੈ।



In the same way by showing contempt and confronting other religions it is certain that the thorns will prick us. When someone out of ignorance looks at others with contempt in their , then it is natural that the consequence will be painful.

But on the other hand to share the virtues of another religion one needs only to take the positive – approach. (In this way) we can easily access its virtues, fragrance or scent. Gurbani states this point as follows:-

1 *Do not say that the Vedas, the Bible and the Koran are false. Those who do not contemplate them are false.* 1350

2 *In the Vedas, the ultimate objective is the Naam, the Name of the Lord; but they do not hear this, and they wander around like demons.* 919

3 *No one obeys the Shaastras or the Vedas.*
*Everyone worships himself.* 951

Just as it has been stated earlier, getting absorbed in God's love, is man's most essential and fundamental 'religion'. But this stage is not achieved through mere talk. To achieve this, man has to join hands with the Guru and successively climb steps. To successively climb these steps everyone turns to the various disciplines of their own religion.

But here, all the external religions need to hold a discussion on some common virtues or fundamental principles, otherwise we could stray or miss the path or true religious path without this insight and thus will not be able to reach the destination of God-love.

In the light of Gurbani, truth, contentment, mercy and fortitude have been accepted as the four fundamental virtues or feet. This truth has been acknowledged by many other religions.

"ਸਤਿਜੁਗਿ ਧਰਮੁ ਪੈਰ ਹੈ ਚਾਰਿ ॥
ਗੁਰਮੁਖਿ ਬੂਝੈ ਕੋ ਬੀਚਾਰਿ ॥" (ਪੰਨਾ—380)

"ਸਤੁ ਸੰਤੋਖੁ ਦਇਆ ਧਰਮੁ, ਸੀਗਾਰੁ ਬਣਾਵਉ ॥" (ਪੰਨਾ—812)

"ਸਤੁ ਸੰਤੋਖੁ, ਦਇਆ ਧਰਮੁ ਸਚੁ, ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥"
(ਪੰਨਾ—379)

"ਸਤੁ ਸੰਤੋਖੁ ਦਇਆ ਧਰਮੁ ਸੁਚਿ, ਸੰਤਨ ਤੇ ਇਹੁ ਮੰਤੁ ਲਈ ।"
(ਪੰਨਾ—822)

"ਧੀਰਜੁ ਧਰਮੁ ਗੁਰਮਤਿ ਹਰਿ ਪਾਇਆ,
ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥" (ਪੰਨਾ—494)

"ਧੀਰਜ ਧਰਮੁ ਧਰਣੀਧਰ ਟੇਕ ॥" (ਪੰਨਾ—686)

"ਧਰਮ ਧੀਰਜ ਸਹਜ ਸੁਖੀਏ, ਸਾਧ ਸੰਗਤਿ ਹਰਿ ਭਜੇ ॥"
(ਪੰਨਾ—460)

"ਧੀਰਜ ਧਰਮ ਭਿਰਾਵ ਦੋਇ, ਜਪੁ ਤਪੁ ਜਤੁ ਸਤੁ ਪੁਤ ਜਣਾਇਆ ॥"
(ਵਾ: ਭਾ: ਗੁ: 6/5)

"ਧੀਰਜ ਧੁਜਾ ਧਰੰਮ, ਸਹਜਿ ਸੁਭਾਇਆ ॥" (ਵਾ: ਭਾ: ਗੁ: 19/60)

"ਧੀਰਜੁ ਧਰਮੁ ਸੰਤੋਖ ਦ੍ਰਿੜੁ, ਪੈਰਾ ਹੇਠਿ ਰਹੈ ਲਿਵ ਲੀਣੀ ॥"
(ਵਾ: ਭਾ: ਗੁ: 4/2)

"ਦਯਾ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨ ॥"
(ਭਗਤ ਤੁਲਸੀ ਦਾਸ)

ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਕਿ 84 ਲਖ ਜੂਨਾਂ ਦੇ ਜੀਵ ਤਾਂ ਦਿਆਨਤਦਾਰੀ ਨਾਲ, ਰੱਬੀ ਕਾਨੂੰਨ ਵਿਚ ਅਭੋਲ ਤੇ ਅਣਜਾਣੇ ਹੀ ਆਪੋ-ਆਪਣਾ **'ਧਰਮ' ਨਿਭਾ ਰਹੇ ਹਨ,** ਇਸ ਤਰ੍ਹਾਂ ਮਨੁਖ ਨੇ ਭੀ 'ਧਰਮ' ਅਪਨਾ ਕੇ, ਆਪਣਾ ਖਾਣਾ, ਪੀਣਾ, ਸੌਣਾ, ਪਹਿਨਣਾ, ਵੇਖਣਾ, ਸੁਣਨਾ, ਪੜਨਾ, ਸੋਚਣਾ, ਕਿਰਤ, ਕਰਮ, ਵਿਵਹਾਰ, ਰੀਝਾਂ ਨੂੰ **ਸਹੀ ਨਿਯਮਾਂ ਤੇ ਦੈਵੀ ਰੁਚੀਆਂ ਅਨੁਸਾਰ, ਢਾਲਣਾ ਜਾਂ ਉਤਪੰਨ ਕਰਨਾ ਹੈ।** ਗੁਰਬਾਣੀ ਵਿਚ ਥਾਂ ਥਾਂ ਤੇ ਸਤਿਗੁਰਾਂ ਨੇ ਸਦ-ਗੁਣਾਂ ਤੇ ਦੈਵੀ-ਰੁਚੀਆਂ ਨੂੰ ਧਾਰਨ, ਅਤੇ ਅਉਗੁਣਾਂ ਤੇ ਕੁਰੁਚੀਆਂ ਨੂੰ ਤਿਆਗਣ ਦਾ ਉਪਦੇਸ਼ ਦੇ ਕੇ, ਨੀਚ ਹੈਵਾਨੀ ਸੋਚਣੀ ਵਾਲੇ ਮਨਮੁਖਾਂ, ਸਾਕਤਾਂ ਤੇ ਦੁਰਮਤਿ ਵਾਲਿਆਂ ਨੂੰ, **ਸਦਾਚਾਰੀ, ਸਚਿਆਰੇ ਤੇ ਗੁਰਮੁਖ ਬਣਨ ਦਾ ਮਾਰਗ ਦਿਖਾਇਆ ਹੈ :—**



1 *In that Golden Age, Dharma had four feet.* *880*
*How rare are those people who, as Gurmukh, contemplate this and understand.*

2 *I am embellished with truth, contentment, compassion and Dharmic faith.* *812*

3 *Purity, contentment, compassion, faith and truthfulness - I have ushered these i nto the home of my self.* *379*

4 *Truth, contentment, compassion, Dharmic faith and purity - I have received these from the Teachings of the Saints.* *822*

5 *Through the Guru's Teachings, I have obtained courage, faith and the Lord. He keeps my mind focused continually on the Lord, and the Name of the Lord.* *494*

6 *The Support of the earth shall bless you with courage, righteousness and protection.* *686*

7 *Dharmic faith, patience, peace and poise are obtained by vibrating upon the Lord in the Saadh Sangat, the Company of the Holy.* *460*

8 *Forbearance and the sense of duty are their brothers and meditation, austerities, continence and the sons* *B Gur 6/5*

9 *Keeping of the flag of forbeaarance and dharma high, becomes his innate nature.* *B Gur 9/10*

10 *Deeply rooted in fortitude, dharma and contentment it (earth) remains tranquil under feet* *B Gur 4/2*

11 *mercy is the root of religion; sin is the root of ego.* *Bhagat Tulsi Das*

It has been explained earlier that living beings of the 8.4 million life-forms, up righteously, innocently and unknowingly, abiding within the godly law, are cultivating their own individual religion. In the same way upon adopting his religion, man too should mould his eating, drinking, sleeping, seeing, hearing, reading, thinking, working, actions, transactions, desires according to the true laws and virtuous tendencies. There are so many places in Gurbani, where the Satguru has given man instructions to espouse all virtues and righteous tendencies and discard sin and evil tendencies. Along side this, he has shown the path of virtuous conduct and means of becoming gurmukhs to the manmukhs (mind–orientated people) who have lowly beast like thinking , ungodly disposition and polluted minds.

"ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਇਆ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤ ॥"
(ਰਾਗੁ ਰਾਮਕਲੀ ਪਾ: 10)

"ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇ ਕੈ ਭਲਾ ਮਨਾਵੈ ॥
ਪਾਰਸੁ ਪਰਸਿ ਅਪਰਸਿ ਹੋਇ, ਪਰ ਤਨ ਪਰ ਧਨ ਹਥੁ ਨ ਲਾਵੈ ॥"
(ਵਾ: ਭਾ: ਗੁ: 6/11)

"ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰ ਗਾਈਐ ॥" (ਪੰਨਾ—386)

"ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ ॥" (ਪੰਨਾ—590)

"ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ ॥" (ਪੰਨਾ—1299)

"ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਿਆਵੈ ॥
(ਰਾਮਕਲੀ ਪਾ: ੧੦)

"ਰੋਸੁ ਨ ਕਾਹੂ ਸੰਗ ਕਰਹੁ ॥" (ਪੰਨਾ—259)

"ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥"
(ਪੰਨਾ—755)

"ਪਰ ਕਾ ਬੁਰਾ ਨ ਰਾਖਹੁ ਚੀਤ ॥" (ਪੰਨਾ—386)

"ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥" (ਪੰਨਾ—1164)

"ਅਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥" (ਪੰਨਾ—1099)

"ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥
ਜਿਤ ਪੀਤੈ ਖਸਮ ਵਿਸਰੈ, ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥" (ਪੰਨਾ—554)

ਪਰੰਤੂ ਲੋਕ-ਰੁਚੀ ਐਸੀ ਹੈ, ਕਿ **ਗੁਣਾਂ ਦੀ ਥਾਂ ਅਉਗੁਣਾਂ ਵਲ ਵਧੇਰੀ ਖਿਚੀ ਜਾਂਦੀ ਹੈ, ਪਸ਼ੂ ਬਿਰਤੀ** ਮਨੁਖ ਨੂੰ ਉਪਰ ਉਠਣੋਂ, ਰੁਕਾਵਟਾਂ ਪਾਉਂਦੀ ਤੇ ਰਸਾਤਲ ਵਲ ਨੂੰ ਲੈ ਜਾਂਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :—

"ਲੋਕੁ ਅਵਗੁਣਾ ਕੀ ਬੰਨੈ ਗੰਠੜੀ, ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ, ਵਿਰਲਾ ਕੋਈ ਹੋਇ ॥" (ਪੰਨਾ—1092)



1 *Eat little, sleep less, and express mercy and forgiveness through your body actions.*
*Ever adopt a cool temperament and contentment, and you'll free yourself from the worldly life of three attributes.* P10

2 *One who earns livelihood honestly and generously confers favours on others.*
*Worthy are the hands of such a Sikh who by coming in touch with the Guru becomes indifferent to worldly materials and lays not his eyes on another's wife or property.* B Gur 6/12

3 *While standing up, and sitting down, and even while asleep, meditate on the Lord.*
*Walking on the Way, sing the Praises of the Lord.* 386

4 *Burn away those rituals which lead you to forget the Beloved Lord.* 590

5 *No one is my enemy, and no one is a stranger. I get along with everyone.*
*Whatever God does, I accept that as good. This is the sublime wisdom I have obtained from the Holy.* 1299

6 *Don't ever let the mind be taken up by lust, anger, ego, greed, headstrong ness and attachment.* P 10

7 *Do not be angry with anyone else; look within your own self instead.* 259

8 *It is not good to slander anyone, but the foolish, self-willed manmukhs still do it.* 755

9 *Do not harbor evil intentions against others in your mind,* 386

10 *Do not engage in any arguments or debates with anyone.* 1164

11 *Look ahead; don't turn your face backwards.* 1099

12 *Drinking the wine, his intelligence departs, and madness enters his mind;*
*he cannot distinguish between his own and others, and he is struck down by his Lord and Master.*
*Drinking it, he forgets his Lord and Master, and he is punished in the Court of the Lord. Do not drink the false wine at all, if it is in your power.* 554

But people's inclination is such that the pull towards vices is stronger than towards virtues. Man's animal nature prevents him from evolving or rising up and leads him towards hell.

11 *People tie up bundles of demerits; no one deals in virtue.*
*Rare is that person, O Nanak, who purchases virtue.* 1092

ਪਰਮਾਰਥ ਵਿਚ, 'ਭਗਤੀ' ਤੇ 'ਦੈਵੀ ਗੁਣ' ਇਕੱਠੇ **ਨਾਲ-ਨਾਲ ਚਲਦੇ ਹਨ।**

"ਵਿਣੁ ਗੁਣ ਕੀਤੇ ਭਗਤਿ ਨ ਹੋਇ ॥" (ਪੰਨਾ—4)

ਇਸ ਲਈ ਗੁਰਮਤਿ ਵਿਚ, ਅਨੇਕਾਂ ਦੈਵੀ ਗੁਣਾਂ ਨੂੰ ਧਾਰਨ ਕਰਨ ਲਈ

ਪ੍ਰਭੂ ਅੱਗੇ ਅਰਦਾਸ
ਪ੍ਰਭੂ ਦੀ ਸਿਫ਼ਤ-ਸਾਲਾਹ
ਮਨ ਨੂੰ ਖੋਜਣਾ ਤੇ ਘੜਨਾ
ਪ੍ਰਭੂ ਦਾ ਸ਼ੁਕਰ
ਪ੍ਰਭੂ ਦਾ ਭੈ
ਪ੍ਰਭੂ ਵਿਛੋੜੇ ਵਿਚ ਬੈਰਾਗ
**ਪ੍ਰਭੂ ਪ੍ਰੇਮ**
ਨਿਸ਼ਕਾਮ ਸੇਵਾ
ਸਾਧ-ਸੰਗਤ

**ਹੀ, ਮੁਖ ਸਾਧਨ ਦੱਸੇ ਗਏ ਹਨ।**

ਦੂਜੇ ਪਾਸੇ, ਜੋ ਮਨੁਖ, ਸਤੁ, ਸੰਤੋਖ, ਦਇਆ, ਧੀਰਜ, ਆਦਿ, ਦੈਵੀ ਗੁਣ ਨਹੀਂ ਧਾਰਨ ਕਰਦੇ, ਤਾਂ ਇਹ ਕੁਦਰਤੀ ਗਲ ਹੈ ਕਿ ਉਹ ਲੋਕ ਝੂਠ, ਤ੍ਰਿਸ਼ਨਾ, ਲੁਟ-ਘਸੁਟ, ਕ੍ਰੋਧ, ਘਿਰਨਾ, ਈਰਖਾ, ਦਵੈਤ, ਤਅੱਸੁਬ, ਆਦਿ, **ਅਉਗੁਣਾਂ ਵਿਚ ਗਲਤਾਨ ਹੋ ਜਾਂਦੇ ਹਨ।**

ਇਸੇ ਲਈ ਗੁਰੂ ਨਾਨਕ ਨੇ, ਸਮੁਚੇ ਜਗਤ ਨੂੰ ਸ਼ਾਂਤ-ਵਾਤਾਵਰਨ ਪੈਦਾ ਕਰਨ ਲਈ ਤਿੰਨ ਸੁਨਹਿਰੀ ਅਸੂਲ :—

**ਨਾਮ ਜਪਣਾ**
**ਵੰਡ ਛਕਣਾ**
**ਕਿਰਤ ਕਰਨੀ**

ਦਾ ਉਪਦੇਸ਼ ਦ੍ਰਿੜਾ ਕੇ, **ਸੱਚੀ-ਸੁਚੀ ਜੀਵਨ-'ਸੇਧ' ਦਿੱਤੀ।**

"ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥" (ਪੰਨਾ—2)
"ਘਾਲਿ ਖਾਇ ਕਿਛੁ ਹਥਹੁ ਦੇ, ਨਾਨਕ ਰਾਹੁ ਪਛਾਣਹਿ ਸੇਇ ॥"
(ਪੰਨਾ—1245)

"ਜਪਿ ਮਨ ਨਾਮੁ ਏਕੁ ਅਪਾਰੁ ॥
ਪ੍ਰਾਨ ਮਨੁ ਤਨੁ ਜਿਨਹਿ ਦੀਆ, ਰਿਦੇ ਕਾ ਆਧਾਰੁ ।" (ਪੰਨਾ—51)



In spirituality, 'worship' and 'divine virtues' go together hand in hand.

1 *Without doing virtues deeds, worship is not possible.* 4

That is why in gurmat,

ardaas before God - Waheguru
glorifying God (dwelling on God's virtues)
fashioning the mind and delving into it
expressing gratefulness to God
having fear of God
yearning for God in separation
love of God
selfless service
company of holy sangat

are the main ways by which numerous divine virtues can be inculcated.

On the other hand those people who do not inculcate the virtues of truth, contentment, mercy, fortitude then its natural that they will get absorbed in vices such as falsehood, avarice, plunder, anger, hatred, jealousy, fanaticism etc.

For this reason that Guru Nanak Dev Ji has given the whole world the message of three beautiful laws:-

Meditate upon the Naam
Share your blessing
Earn your livelihood through honest labour

to put them on the path of true - righteous living.

2 *In the Amrit Vaylaa, the ambrosial hours before dawn, chant the True Name, and contemplate His Glorious Greatness.* 2

3 *One who works for what he eats, and gives some of what he has*
*O Nanak, he knows the Path.* 1245

4 *O mind, chant the Name of the One, the Unique and Infinite Lord.*
*He gave you the praanaa, the breath of life, and your mind and body. He is the Support of the heart.* 51

"ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇ ਕੈ ਭਲਾ ਮਨਾਵੈ ॥"

(ਵਾ: ਭਾ: ਗੁ: 6/12)

"ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥"

(ਪੰਨਾ—522)

"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥" (ਪੰਨਾ—1376)

ਇਸ ਹਕੀਕਤ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ, ਕਿ ਜਿਉਂ ਜਿਉਂ ਜ਼ਿਆਦਾ ਗਿਣਤੀ ਵਿਚ ਲੋਕ **ਸਹੀ ਭਾਵਨਾ ਸਹਿਤ, ਕਿਸੇ ਧਰਮ ਨੂੰ ਅਪਨਾਉਂਦੇ ਹਨ**, ਤਿਉਂ ਤਿਉਂ **ਉਸ ਧਰਮ ਦੀ ਸਾਮਾਜਿਕ, ਆਰਥਿਕ ਤੇ ਆਤਮਿਕ ਸ਼ਕਤੀ ਵਧਦੀ ਜਾਂਦੀ ਹੈ।** ਅਸਲ ਵਿਚ ਇਹ ਸ਼ਕਤੀ

ਮਜ਼ਲੂਮ ਦੀ ਰਖਿਆ ਲਈ
ਪਾਪ ਨੂੰ ਖਤਮ ਕਰਨ ਲਈ
ਜ਼ਾਲਮ ਤੇ ਜ਼ੁਲਮ ਦਾ ਟਾਕਰਾ ਕਰਨ ਲਈ
ਧਰਮ ਦੇ ਪ੍ਰਚਾਰ ਲਈ
ਸ਼ਾਂਤ ਵਾਤਾਵਰਨ ਬਣਾਉਣ ਲਈ
ਦੁਖੀਆਂ, ਗਰੀਬਾਂ, ਅਨਾਥਾਂ ਦੀ ਸਹਾਇਤਾ ਲਈ

**ਵਰਤੀ ਜਾਣੀ ਚਾਹੀਦੀ ਹੈ।**

ਜੇ ਅਸੀਂ, ਇਸ 'ਸ਼ਕਤੀ' ਨੂੰ **ਠੀਕ ਜਗਾ ਤੇ ਠੀਕ ਸਮੇਂ ਸਿਰ ਨਹੀਂ ਵਰਤਦੇ**, ਤਾਂ ਵੀ ਅਸੀਂ **'ਧਰਮੀ'** ਅਖਵਾਉਣ ਦੇ ਹੱਕਦਾਰ ਨਹੀਂ।

ਦੂਜੇ ਲਫਜ਼ਾਂ ਵਿਚ **'ਭਗਤੀ' ਤੋਂ ਹੀ 'ਸ਼ਕਤੀ' ਪੈਦਾ ਹੁੰਦੀ ਹੈ।** ਪਰ ਜਦੋਂ 'ਧਰਮ' ਅਤੇ ਇਸਦੇ ਅਪਨਾਉਣ ਵਾਲਿਆਂ ਦੀ ਬਹੁ-ਗਿਣਤੀ, **'ਭਗਤੀ-ਭਾਵਨਾ' ਤੋਂ ਖਾਲੀ ਹੋ ਜਾਂਦੀ ਹੈ**, ਤਾਂ ਇਤਿਹਾਸ ਗਵਾਹ ਹੈ, ਕਿ **ਇਹੀ 'ਸ਼ਕਤੀ'—ਜ਼ੁਲਮ ਦਾ ਰੂਪ ਧਾਰ ਕੇ, ਅਤਿਅੰਤ ਤਬਾਹੀ ਮਚਾਉਂਦੀ ਰਹੀ ਹੈ।**

ਤ੍ਰੈਗੁਣੀ ਮਾਇਕੀ-ਮੰਡਲ ਅੰਦਰ ਧਾਰਮਿਕ ਪ੍ਰਚਾਰ ਦਿਮਾਗੀ ਗਿਆਨ ਦੁਆਰਾ ਹੋ ਸਕਦਾ ਹੈ, ਪਰ **ਚੌਥੇ ਪਦ ਦੇ ਆਤਮਿਕ ਮੰਡਲ ਵਿਚ, ਇਸ ਦਿਮਾਗੀ ਗਿਆਨ ਦੀ ਪਹੁੰਚ ਨਹੀਂ।** ਇਸ ਲਈ ਜਦ ਗੁਰਬਾਣੀ ਵਿਚ ਆਤਮਿਕ ਮੰਡਲ ਪ੍ਰਤੀ ਸ਼ਬਦ ਆਉਂਦੇ ਹਨ, ਤਾਂ ਅਸੀਂ ਉਨ੍ਹਾਂ ਦਾ **ਓਪਰਾ ਜਿਹਾ, ਦਿਮਾਗੀ ਗਿਆਨ ਦੁਆਰਾ, 'ਟਾਲਮ-ਟੋਲਾ' ਹੀ ਕਰ ਛਡਦੇ ਹਾਂ!**



1 *Earn your livelihood honestly and give generously in goodwill.* *B Gur 6/12*

2 *Make the effort, and you shall live; practicing it, you shall enjoy peace.* *512*

3 *Naam Dayv answers, O Trilochan, chant the Lord's Name with your mouth.*

*With your hands and feet, do all your work, but let your consciousness remain with the Immaculate Lord.* *1276*

No one can deny this truth, that as more and more people take on to a religion with true devotion, that religion's social, economic and spiritual power increases. Actually this power should be used

for the protection of the oppressed and the persecuted,
to eradicate evil,
to confront cruelty and tyranny,
to preach religion,
to create a calm and peaceful environment,
to help the poor, helpless.

If we do not use this power in the right place and at the right time, we have no right to call ourselves religious.

In other words, it is only from 'worship' that 'power' is created. But when 'religion' and those who profess it, are devoid of the 'faith-filled worship', then history is the witness to this very 'power' which takes on the garb of tyranny and creates colossal devastation.

In the tri-attributive world of materialism, religious preaching can only be done by (those possessing) mental knowledge, but at the fourth level in the spiritual realm, this mental knowledge has no reach. That is why, when we get some shabadhs about the spiritual realm in Gurbani, we dilly dally with them with our mental knowledge and do a superficial rendering.

ਆਤਮਿਕ-ਮੰਡਲ ਦੇ 'ਧਰਮੁ' ਦੀ ਵਿਆਖਿਆ, ਸਿਰਫ਼ ਬਿਬੇਕ ਬੁੱਧੀ ਵਾਲੇ, ਤੱਤ-ਜੋਗ-ਕੇ-ਬੇਤੇ, ਬਖਸ਼ੇ ਹੋਏ, ਵਿਰਲੇ ਅਨੁਭਵੀ ਗੁਰਮੁਖ-ਜਨ ਹੀ, ਕਰ ਸਕਦੇ ਹਨ ।

"ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ ॥" (ਪੰਨਾ—935)

ਅਨੇਕਾਂ ਧਰਮਾਂ ਦੇ ਅੱਡ ਅੱਡ ਨਿਸਚਿਆਂ ਤੇ ਆਧਾਰਤ, ਬਾਹਰਮੁਖੀ ਕਰਮ-ਕਿਰਿਆ, ਰਵਾਇਤਾਂ, ਮਰਿਆਦਾ ਵਿਚ, ਫ਼ਰਕ, ਵਿਤਕਰਾ ਹੋਣਾ ਲਾਜ਼ਮੀ ਹੈ, ਜਿਸ ਤੋਂ ਵਾਦ-ਵਿਵਾਦ, ਲੜਾਈਆਂ, ਝਗੜੇ, ਈਰਖਾ, ਦਵੈਤ ਉਪਜਦੇ ਹਨ, ਤੇ 'ਧਾਰਮਿਕ ਮਤਾਂ' ਵਿਚ ਮੱਤ-ਭੇਦ ਕਾਰਣ, ਕਈ ਹੋਰ ਨਵੇਂ ਫ਼ਿਰਕੇ ਬਣਦੇ ਜਾਂਦੇ ਹਨ ।

ਇਹ, ਗੁਰਬਾਣੀ ਵਿਚ ਦਰਸਾਏ 'ਸਗਲ ਸੰਗਿ ਹਮ ਕਉ ਬਨ ਆਈ' ਦੇ ਆਸ਼ੇ ਦੇ ਐਨ ਉਲਟ ਹੈ ।

ਗੁਰੂ, ਅਵਤਾਰਾਂ ਦੀਆਂ ਬਾਣੀਆਂ ਵਿਚ ਦਰਸਾਏ ਸਾਂਝੇ ਅੰਤਰਮੁਖੀ, ਆਤਮਿਕ 'ਨੁਕਤੇ', 'ਭੇਦ' ਜਾਂ 'ਤੱਤ' ਦੇ ਆਤਮਿਕ ਗਿਆਨ ਤੋਂ ਅਸੀਂ ਬੇਖ਼ਬਰ, ਅਨਜਾਣ ਜਾਂ ਅਵੇਸਲੇ ਹੋ ਗਏ ਹਾਂ, ਜਾਂ ਜਾਣ-ਬੁਝ ਕੇ ਮਚਲੇ ਹੋਏ ਬੈਠੇ ਹਾਂ ।

ਪਿਛਲੇ ਜਨਮਾਂ ਦੀ ਧਾਰਮਿਕ ਕਮਾਈ ਸਦਕਾ, ਟਾਂਵੀਆਂ-ਟਾਂਵੀਆਂ ਰੂਹਾਂ, ਬਾਹਰਮੁਖੀ ਤ੍ਰੈਗੁਣੀ ਮੰਡਲ ਦੇ ਧਾਰਮਿਕ, ਕਰਮ-ਕਿਰਿਆ ਨਾਲ 'ਸੰਤੁਸ਼ਟ' ਨਹੀਂ ਹੁੰਦੀਆਂ । ਉਹਨਾਂ ਦੇ ਹਿਰਦੇ ਦੀਆਂ ਧੁਰ ਕੰਦਰਾਂ ਵਿਚ, ਕਿਸੇ ਉਚੇਰੇ ਆਤਮਿਕ ਮੰਡਲ ਦੇ ਅੰਤਰਮੁਖੀ, 'ਅਨੁਭਵੀ ਧਰਮੁ' ਦੀ ਸੂਖਮ ਕਾਂਖੀ ਜਾਂ ਭੁਖ, ਅਨਜਾਣੇ ਹੀ ਲਗੀ ਰਹਿੰਦੀ ਹੈ ।

ਇਸ ਸੂਖਮ ਆਤਮਿਕ 'ਕਾਂਖੀ' ਜਾਂ ਗੁਝੀ 'ਧੁਖ-ਧੁਖੀ' ਕਾਰਨ, ਜੀਵ ਦੇ ਅੰਤਰ-ਆਤਮੇ, ਕੁਦਰਤੀ ਤੌਰ ਤੇ, ਆਪਣੇ ਸੋਮੇ, ਅਕਾਲ-ਪੁਰਖ ਵਲ, ਅਨਜਾਣੇ ਹੀ 'ਖਿੱਚ' ਬਣੀ ਰਹਿੰਦੀ ਹੈ । ਭਾਵੇਂ ਇਹ ਸੂਖਮ ਆਤਮਿਕ 'ਖਿੱਚ', ਮਾਇਆ ਦੇ ਕਾਲੇ-ਬੋਲੇ ਬੱਦਲਾਂ ਹੇਠ 'ਮੱਧਮ' ਪੈ ਜਾਂਦੀ ਹੈ, ਪਰ ਫੇਰ ਵੀ ਕਿਸੇ ਨ ਕਿਸੇ ਸ਼ਕਲ ਵਿਚ, ਇਹ ਗੁਝੀ ਸੂਖਮ ਭੁੱਖ, ਜੀਵ ਨੂੰ, ਅਨਜਾਣੇ ਹੀ, ਆਤਮਿਕ ਮੰਡਲ ਦੇ 'ਇਲਾਹੀ ਧਰਮੁ' ਦੇ ਪ੍ਰਕਾਸ਼, 'ਸ਼ਬਦੁ' 'ਨਾਮੁ' ਵਲ ਉਕਸਾਉਂਦੀ, ਪ੍ਰੇਰਦੀ ਤੇ ਖੋਜ ਕਰਾਉਂਦੀ ਰਹਿੰਦੀ ਹੈ ।

ਐਸੇ ਉਤਮ ਜਗਿਆਸੂਆਂ ਦੀ ਸੱਚੀ-ਸੁਚੀ ਆਤਮਿਕ ਲਗਨ ਸਦਕਾ,



The exposition of the 'religion' of the spiritual realm can only be done by the rare intuitive guru-orientated beings blessed beings, who have a discerning mind, who understand the essence of reality.

*How rare are those who contemplate the Word of the Guru's Bani; they become Gurmukh.*
*This is the Bani of the Supreme Being; through it, one dwells within the home of his inner being.* 935

Based on the varied belief systems of the various religions, it is natural to have differences and discrimination in external action, traditions, and code of conduct which in turn give rise to arguments, quarrels, jealousy, duality and these 'religious creeds' cause many more new sects to surface.

This (state of affairs) is completely different from the statement mentioned in Gurbani "I get along with everyone".

We have become uninformed, ignorant or indifferent or (put it this way) knowingly feigning ignorance to the common spiritual 'points or concepts', 'secrets', or 'essence' of 'spiritual knowledge'.

A few scattered (holy) souls by way of their spiritual cultivation in their previous lives are not going to be 'satisfied' with the external-orientated tri-attributive sphere's religious deeds and actions. In the deepest recesses of their hearts, the subtle desire or hunger for some innate lofty divine realm's 'intuitional religion' keeps gnawing at them without their knowing.

As a result of this subtle 'desire' or secret 'smouldering', in the innate self of man, there is by nature a continuous pull towards his roots, the Timeless Being (Waheguru) taking place without his knowledge. Although this subtle divine 'pull' gets dulled by the dark deaf clouds of materialism, even then, this subtle secret hunger, in one for or an other, automatically keeps nudging and motivating man, towards 'NAM', the illumination of 'spiritual religion's' Divine Realm.

Through such a true and pure divine devotion of noble seekers,

ਉਨ੍ਹਾਂ ਤੇ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਤੇ ਉਹਨਾਂ ਨੂੰ ਸਤਿਗੁਰੂ ਕਿਸੇ ਗੁਰਮੁਖ ਪਿਆਰੇ **ਇਲਾਹੀ ਜੀਵਨ ਵਾਲੇ, 'ਤੱਤ-ਜੋਗ-ਕੇ-ਬੇਤੇ', ਮਹਾਂਪੁਰਖ ਨਾਲ ਮੇਲ ਕਰਾ ਦਿੰਦਾ ਹੈ**, ਤੇ ਸਾਧ-ਸੰਗਤ **ਦੁਆਰਾ**, ਉਨ੍ਹਾਂ ਜਗਿਆਸੂਆਂ ਨੂੰ **ਅੰਤਰਮੁਖੀ, ਅਨੁਭਵੀ** ਗਿਆਨ **ਦੀ 'ਦਾਤ'** ਬਖਸ਼ਿਸ਼ **ਹੁੰਦੀ ਹੈ।** ਇਸ ਤਰ੍ਹਾਂ ਇਨ੍ਹਾਂ ਉਤਮ ਜਗਿਆਸੂਆਂ ਦਾ ਜੀਵਨ **ਬਦਲ ਕੇ 'ਆਤਮ ਪ੍ਰਾਇਣ'** ਹੋ **ਜਾਂਦਾ ਹੈ।** ਐਸੇ ਬਖਸ਼ੇ ਹੋਏ ਗੁਰਮੁਖ ਪਿਆਰੇ, ਅਗਾਹਾਂ, **ਹੋਰ ਉਤਮ ਜਗਿਆਸੂਆਂ ਨੂੰ**, ਗੁਰੂ ਦੀ ਬਖਸ਼ਿਸ਼ ਦੁਆਰਾ, **ਅਗਵਾਈ ਤੇ ਸਹਾਇਤਾ ਕਰਦੇ ਹਨ।**

"ਕ੍ਰਿਪਾ ਕਰੇ ਜਿਸ ਪਾਰਬ੍ਰਹਮੁ, ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥"
(ਪੰਨਾ—71)

"ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥"
(ਪੰਨਾ—204)

"ਸੇਈ ਗੁਰਮੁਖ ਪਿਆਰੇ ਮੇਲ, ਜਿਨਾ ਮਿਲਿਆ ਤੇਰਾ ਨਾਮ ਚਿਤ ਆਵੈ ॥"
(ਅਰਦਾਸ)

ਪੜ੍ਹਿਆ-ਪੜ੍ਹਾਇਆ, ਸੁਣਿਆ-ਸੁਣਾਇਆ, ਸਿਖਿਆ-ਸਿਖਾਇਆ, ਸਮਝਿਆ-ਸਮਝਾਇਆ **'ਬਾਹਰਮੁਖੀ ਧਰਮ', ਬੁਧੀ ਦੀ ਪ੍ਰਾਪਤੀ ਹੈ**, ਅਤੇ ਇਸ ਦੇ ਪ੍ਰਚਾਰ ਦਾ ਸਿਲਸਿਲਾ ਭੀ **ਸਰੀਰਕ ਤੇ ਦਿਮਾਗੀ 'ਕਰਤੱਵ' ਹੈ।**

ਗੁਰੂਆਂ, ਅਵਤਾਰਾਂ ਦੇ ਦਰਸਾਏ ਹੋਏ ਅੰਤਰ-ਆਤਮੇ **ਪ੍ਰਕਾਸ਼-ਰੂਪ 'ਨਾਮੁ', ਜਾਂ 'ਆਤਮਿਕ ਧਰਮੁ' ਦੇ ਗੁਝੇ ਭੇਦਾਂ ਨੂੰ, ਬੁੱਧੀ ਮੰਡਲ ਦੀ ਫ਼ਿਲਾਸਫ਼ੀ** (Philosophy) **ਅਨੁਭਵ** ਨਹੀਂ **ਕਰ ਸਕਦੀ**, ਕਿਉਂਕਿ **ਇਹ 'ਆਤਮਿਕ-ਖੇਡ' ਬੁੱਧੀ ਦੀ ਪਕੜ ਤੋਂ ਪਰੇ ਹੈ।**

ਉਦਾਹਰਣ ਦੇ ਤੌਰ ਤੇ, ਬਿਜਲੀ ਦੀ ਬਾਬਤ ਕਿਤਾਬੀ ਗਿਆਨ ਪੜ੍ਹਨਾ-ਪੜ੍ਹਉਣਾ **ਹੋਰ ਗੱਲ ਹੈ**, ਪਰ **ਬਿਜਲੀ ਦੇ ਕਰੰਟ ਦੇ ਝਟਕੇ ਦਾ ਨਿਜੀ ਤਜਰਬਾ ਹੋਰ ਗੱਲ ਹੈ।**

**(Personal experience of electric shock is quite different from the theoretical and intellectual knowledge about electricity).**

ਇਸੇ ਤਰ੍ਹਾਂ ਆਤਮਿਕ-ਮੰਡਲ ਦੇ 'ਜੀਵਨ-ਰੌਂ', 'ਸਬਦੁ', 'ਨਾਮੁ', 'ਪ੍ਰੇਮ-ਲਿਵ',



Satguru's merciful glance is on them and the Satguru connects them with some guru-orientated beloveds, highly evolved souls who live a spiritual life and who understand the essence of spiritual union. Through the 'sadh sangat' the company of the holy evolved beings, the Satguru, blesses those seekers with the 'gift' of the innate intuitional knowledge. In this way the life-style of these noble seekers changes into one that is 'soul-dedicated'. Such blessed guru-orientated beloved then, through the blessings of the Guru, lead and help other noble seekers.

1 *The Supreme Lord showers His Mercy, and we find the Saadh Sangat, the Company of the Holy.*
*The more time we spend there, the more we come to love the Lord.* 71

2 *When the seed of the karma of past actions sprouted, I met the Lord; He is both the Enjoyer and the Renunciate.*
*My darkness was dispelled when I met the Lord. O Nanak, after being asleep for countless incarnations, I have awakened.* 204

3 *'Help me to meet those guru-orientated beloveds, on meeting whom, YOUR NAME come to my mind'.* ardas

Studied and taught, heard and related, learned and tutored, comprehended and making others comprehend the 'external religion' is the achievement of the intellect and its system of preaching too is a physical and mental activity.

The hidden secrets of Naam, the innate illumination-form or 'spiritual religion' as expressed by Gurus and Avtars cannot be perceived by the philosophy of the intellectual realm because this 'divine play' is beyond the grasp of the intellect.

For example, learning and teaching about electric current from books is one thing and experiencing the shock of an electric current is quite another.

In the same way , to experience the 'life-current', 'shabad', 'naam', 'union of love

ਜਾਂ 'ਆਤਮਿਕ ਧਰਮੁ', ਨੂੰ, **ਅੰਤਰ ਆਤਮੇ, ਨਿਜੀ ਤਜਰਬੇ ਦੁਆਰਾ, 'ਮਾਣਨਾ' ਹੋਰ ਗਲ ਹੈ,** ਤੇ ਇਸ **ਆਤਮਿਕ ਮੰਡਲ ਤੇ 'ਤੱਤ-ਗਿਆਨ' ਦੇ 'ਭੇਦ' ਦੀ** ਬਾਬਤ, **ਨਿਰਾਪੁਰਾ ਦਿਮਾਗੀ ਗਿਆਨ ਘੋਟਣਾ, ਬਿਲਕੁਲ ਹੋਰ ਗੱਲ ਹੈ !!**

**ਇਹ ਗੱਲ ਪੜ੍ਹਨ ਦੀ ਨਹੀਂ, ਬੁੱਝਣ ਦੀ ਹੈ !!**

**"ਪੜਿਐ ਨਾਹੀ, ਭੇਦੁ ਬੁਝਿਐ ਪਾਵਣਾ ॥"** (ਪੰਨਾ—148)

ਇਸੇ **ਅੰਤਰਮੁਖੀ 'ਆਤਮਿਕ ਧਰਮੁ'** ਦਾ ਬਿਆਨ, ਉਪਦੇਸ਼ ਅਤੇ ਅਨੁਭਵ ਦੁਆਰਾ **ਪ੍ਰਾਪਤੀ ਤੇ ਜੁਗਤੀ, ਗੁਰਬਾਣੀ ਵਿਚ ਭਰਪੂਰ ਹੈ ।** ਫਿਰ ਭੀ ਅਸੀਂ ਇਸ **ਆਤਮਿਕ ਮੰਡਲ ਦੀ ਇਲਾਹੀ ਅਮੋਲਕ** 'ਦਾਤ', **'ਅਨੂਪ ਵਸਤੂ'**, ਦੇ ਅਨੰਦ, ਰੰਗ, ਰਸ, ਸੁਖ, ਸੁਆਦ ਤੋਂ, **ਆਪ ਵੀ ਵਾਂਝੇ ਰਹਿ ਰਹੇ ਹਾਂ, ਤੇ ਜਗਤ ਨੂੰ ਭੀ ਵਾਂਝਿਆਂ ਕਰ ਰਖਿਆ ਹੈ ।**

"ਮਾਰਗਿ ਮੋਤੀ ਬੀਥਰੇ, ਅੰਧਾ ਨਿਕਸਿਓ ਆਇ ॥<br>ਜੋਤਿ ਬਿਨਾ ਜਗਦੀਸ ਕੀ, ਜਗਤੁ ਉਲੰਘੇ ਜਾਇ ॥" (ਪੰਨਾ—1370)

ਇਸ ਅਣ-ਗਹਿਲੀ, ਅਗਿਆਨਤਾ, ਮਹਾਂਭੁਲ, ਭਰਮ-ਭੁਲਾਵੇ ਦੇ ਕਾਰਣ ਇਹ ਹਨ :—

1. ਅਸੀਂ **ਬਾਹਰਮੁਖੀ ਕਰਮ ਕਾਂਡਾਂ ਨੂੰ ਹੀ, 'ਸੰਪੂਰਨ ਧਰਮ' ਸਮਝੀ ਬੈਠੇ ਹਾਂ ।** ਇਸ ਦੇ ਰਟਨ (Routine) ਵਿਚ ਹੀ **ਮਸਤ ਤੇ ਸੰਤੁਸ਼ਟ ਹਾਂ ।**
2. ਦਿਮਾਗੀ ਗਿਆਨ ਤੇ ਧਰਮ ਨੂੰ, ਅਸੀਂ ਨਿਜੀ **ਮਾਇਕੀ ਸੁਆਰਥ ਦੀ ਪੂਰਤੀ ਦਾ ਹੀ 'ਸਾਧਨ' ਬਣਾਇਆ ਹੋਇਆ ਹੈ ।**
3. ਤ੍ਰੈ-ਗੁਣੀ ਹਉਮੈ ਦੇ ਭਰਮ-ਭੁਲਾਵੇ ਵਾਲੀ ਧਾਰਮਿਕ ਅਵਸਥਾ ਨੂੰ ਹੀ, **ਅੰਤਿਮ ਧਾਰਮਿਕ ਮੰਜ਼ਿਲ ਸਮਝੀ ਬੈਠੇ ਹਾਂ ।**
4. ਚੌਥੇ ਪਦ ਦੇ **ਆਤਮਿਕ ਮੰਡਲ ਦੇ ਅਨੁਭਵੀ ਇਲਾਹੀ 'ਖੇਲ' ਦੀ ਸਾਨੂੰ :—**

**ਸੋਝੀ ਹੀ ਨਹੀਂ**<br>**ਗਿਆਨ ਹੀ ਨਹੀਂ**<br>**ਨਿਸਚਾ ਹੀ ਨਹੀਂ**<br>**ਲੋੜ ਹੀ ਨਹੀਂ**<br>**ਭੁਖ ਹੀ ਨਹੀਂ**<br>**ਉਦਮ ਹੀ ਨਹੀਂ**



or 'spiritual religion' innately, through personal experience is one thing and to theorise intellectually about the 'secret' of the divine realm's 'essence-knowledge' is quite another.

This thing is not about studying, it is about unraveling the mystery

1 *Not by studying, but through understanding, is the Lord's Mystery revealed.* *148*

Gurbani is filled with information, advice and experiential know-how through intuition about this innate 'spiritual religion. Inspite of this, we are divorced from this divine realm's priceless spiritual 'gift' and thus have also kept the whole world divorced from it.

2 *The pearls are scattered on the road; the blind man comes along.* 1370<br>*Without the Light of the Lord of the Universe, the world just passes them by.*

The causes of this neglect, ignorance, monumental mistake, doubt-fallacy are as follows:-

1 We have come to believe that the external rites and rituals is the whole religion. We are engrossed only in its routines.

2 We have made intellectual knowledge and religion as means of fulfilling our own individual materialistic needs.

3 We have come regard the religious state of tri-attributive, doubt-fallacy of egotism as the spiritual destination.

4 About the intuitional divine 'play' of the divine sphere we have:-

no awareness<br>no knowledge<br>no belief<br>no need<br>no hunger and<br>no effort

5. ਅਸੀਂ ਆਪਣੇ ਜੀਵਨ ਨੂੰ **'ਹਉਮੈਂ' ਦੇ ਭਰਮ-ਭੁਲਾਵੇ ਦੀ ਹਨੇਰ-ਕੋਠੜੀ ਵਿਚ ਕੈਦ ਕੀਤਾ ਹੋਇਆ ਹੈ। ਜਿਸ ਵਿਚ ਆਤਮਿਕ ਪ੍ਰਕਾਸ਼ ਦੀ ਕਿਰਨ ਦੇ ਦਾਖਲ ਹੋਣ ਦੀ ਸੰਭਾਵਨਾ ਹੀ ਨਹੀਂ ਹੈ।**
We have sentenced ourselves to life-long imprisonment in the solitary Dark Dungeon of our own '*ego*'—without any chance of entry of rays of Divine Light.

6. ਆਪੂੰ ਉਸਾਰੀ ਹਉਮੈ ਦੀ **'ਹਨੇਰ'—ਕਾਲ-ਕੋਠੜੀ** ਵਿਚ ਵੀ, ਆਪੋ ਆਪਣੇ **ਅਧੂਰੇ, ਗਲਤ ਤੇ ਫੋਕੇ ਧਾਰਮਿਕ ਨਿਸਚਿਆਂ ਦੀਆਂ 'ਕਾਲੀਆਂ ਐਨਕਾਂ' ਲਾਈਆਂ ਹੋਈਆਂ ਹਨ,** ਜਿਹੜੀਆਂ ਅਸੀਂ **ਲਾਹੁਣ ਲਈ ਤਿਆਰ ਨਹੀਂ!**

ਇਸ ਤਰ੍ਹਾਂ ਅਸੀਂ ਆਪਣਾ ਜੀਵਨ :—

"ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥" (ਪੰਨਾ—133)

ਵਾਲਾ ਬਣਾ ਰਖਿਆ ਹੈ।

ਬਖਸ਼ੇ ਹੋਏ ਗੁਰਮੁਖ ਪਿਆਰੇ, ਮਹਾਂ ਪੁਰਖਾਂ ਦੇ ਰਾਹੀਂ, ਗੁਰੂਆਂ, ਅਵਤਾਰਾਂ ਦੇ ਦਰਸਾਏ ਹੋਏ **ਆਤਮ ਪ੍ਰਕਾਸ਼** ਜਾਂ **'ਆਤਮਿਕ-ਧਰਮੁ' ਦੀ ਬਖਸ਼ਿਸ਼, ਸੀਨਾ ਬਸੀਨਾ, ਜੋਤਿ-ਨਾਲ-ਜੋਤਿ ਜਗਾਉਣ ਦਾ ਅਟੁਟ ਅਤੇ ਅਭੁਲ ਸਿਲਸਿਲਾ ਲਗਾਤਾਰ ਚਲਿਆ ਆਉਂਦਾ ਹੈ।**

"ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ, ਕਿਨ ਜਪਿਓ ਗੁਰਮੰਤੁ ॥"
(ਪੰਨਾ—1429)

ਪਰ ਇਹ, **ਆਤਮਿਕ ਮੰਡਲ ਦੀ, ਨਿਰਾਲੀ, ਗੁਝੀ 'ਖੇਲ', ਕਿਸੇ ਵਿਰਲੇ, 'ਕੋਟਨ ਮਹਿ ਕੋਊ'**, ਭਾਗਾਂ ਵਾਲੇ **ਗੁਰਮੁਖ ਪਿਆਰਿਆਂ ਤੇ ਵਰਤਦੀ ਹੈ।** ਇਨ੍ਹਾਂ ਦੇ ਜੀਵਨ ਦੀਆਂ **ਆਤਮਿਕ ਕਿਰਨਾਂ** (Divine Vibrations) **ਦੁਆਰਾ, ਕਲਜੁਗ ਵਿਚ, ਗ਼ੈਬੀ ਅਤੇ ਅੰਤਰਮੁਖੀ 'ਆਤਮਿਕ ਧਰਮੁ' ਦਾ ਇਲਾਹੀ ਪ੍ਰਕਾਸ਼ ਕਿਤੇ ਕਿਤੇ ਟਹਿਕਦਾ, ਮਹਿਕਦਾ, ਪ੍ਰਕਾਸ਼ਦਾ ਦਿਖਾਈ ਦਿੰਦਾ ਹੈ।**

"ਐਸੇ ਜਨ ਵਿਰਲੇ ਸੰਸਾਰੇ, ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥"
(ਪੰਨਾ—1039)



5 We have sentenced ourselves to life long imprisonment in the solitary dark dungeon of our own 'ego'- without any chance of entry of rays of Divine Light.

6 In our self created, solitary dark dungeon too, we have put on the dark glasses of our own imperfect, wrong and hollow beliefs, which we are not prepared to take off.

In this way we have reduced our life into state (depicted in Gurbani) as follows:-

1 *Entangled and enmeshed in the love of false occupations, the whole world is perishing.* *133*

Through the blessed guru-orientated beloveds, highly evolved souls, the blessings of the divine light or 'spiritual religion' shown by Gurus and Avtars generation to generation and the (inherent) continuous and unerring system of lighting a light from a light is still in place.

2 *The Naam remains; the Holy Saints remain; the Guru, the Lord of the Universe, remains.*
*Says Nanak, how rare are those who chant the Guru's Mantra in this world.*
*1429*

But this novel and secret 'play' of the Divine Realm falls in the lap of one among millions rare blessed guru-orientated beloveds. Through the Divine Vibrations of their lives, the secret and the innate 'spiritual religion's ' light can be seen to blooms, to spread its scent, to manifest itself.

3 *Rare are those beings in this world,*
*who contemplate the Word of the Guru's Shabad, and remain detached.* *1039*

ਅਜਿਹੇ ਕਿਸੇ ਵਿਰਲੇ ਬਖਸ਼ੇ ਹੋਏ ਗੁਰਮੁਖ ਜਨਾਂ ਨਾਲ ਮੇਲ ਹੋ ਜਾਵੇ ਤਾਂ ਮਨੁਖ ਭਵਜਲ ਤਰ ਜਾਂਦਾ ਹੈ :—

"ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ।" (ਪੰਨਾ—320)
"ਅੰਚਲੁ ਗਹਿ ਕੈ ਸਾਧ ਕਾ, ਤਰਣਾ ਇਹੁ ਸੰਸਾਰੁ ॥" (ਪੰਨਾ—218)
"ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ ॥"
(ਪੰਨਾ—431)

"ਅੰਚਲਿ ਲਾਇ ਤਰਾਇਆ ਭਾਈ,
ਭਉਜਲੁ ਦੁਖੁ ਸੰਸਾਰੁ ॥" (ਪੰਨਾ—640)
"ਸਾਧ ਸੰਗਤਿ ਕੈ ਅੰਚਲਿ ਲਾਵਹੁ,
ਬਿਖਮ ਨਦੀ ਜਾਇ ਤਰਣੀ ॥" (ਪੰਨਾ—702)

ਸਾਡੇ ਸਰੀਰਕ, ਮਾਨਸਿਕ ਅਤੇ ਆਰਥਕ ਜੀਵਨ, **ਉਚਾ ਉਠਨ ਦੀ ਬਜਾਇ-ਮਾਇਕੀ ਭਰਮ-ਭੁਲੇਖਿਆਂ ਵਿਚ ਅਜਾਂਈਂ ਜਾ ਰਿਹਾ ਹੈ** ਅਤੇ ਅਸੀ :—

ਈਰਖਾ
ਦਵੈਤ
ਘਿਰਨਾ
ਹੰਕਾਰ
ਝਗੜਿਆਂ
**ਮਜ਼ਹਬੀ-ਤਅੱਸੁਬ**

**ਵਿਚ ਹੋਰ ਭੀ ਗਲਤਾਨ ਹੋ ਕੇ ਦੁਖੀ ਹੁੰਦੇ ਜਾ ਰਹੇ ਹਾਂ ।**

**'ਧਰਮ' ਦੇ** ਇਹਨਾਂ **ਭੁਲੇਖਿਆਂ ਨੂੰ ਸਮਝਣ, ਬੁੱਝਣ, ਸਪਸ਼ਟ ਅਤੇ ਨਿਰਨਾ ਕਰਨ ਲਈ,** ਹੇਠਲਾ ਬਿਓਰਾ ਸਹਾਇਕ ਹੋ ਸਕਦਾ ਹੈ ।

| **ਅੰਤ੍ਰ-ਮੁਖੀ ਆਤਮਿਕ 'ਧਰਮੁ'** | **ਬਾਹਰਮੁਖੀ ਧਰਮ** |
|---|---|
| ਅਨੁਭਵ ਦੀ ਖੇਲ ਹੈ । | ਦਿਮਾਗੀ ਵਿਸ਼ਾ ਹੈ । |
| ਬੋਲੀ ਹੀਨ ਹੈ । | ਬੋਲੀ ਵਾਲਾ ਹੈ । |
| ਅੱਖਰ ਹੀਨ ਹੈ । | ਅੱਖਰਾਂ ਵਾਲਾ ਹੈ । |
| ਅੰਤਰ ਆਤਮਿਕ 'ਛੋਹ' ਹੈ । | ਬਾਹਰੋਂ ਪ੍ਰਾਪਤ ਕੀਤਾ ਜਾਂਦਾ ਹੈ । |
| ਅਨੁਭਵੀ ਸੋਝੀ ਹੈ । | ਸਿਖਿਆ-ਸਿਖਾਇਆ ਜਾਂਦਾ ਹੈ । |
| ਆਤਮ ਪ੍ਰਕਾਸ਼ ਹੈ । | ਦਿਮਾਗੀ ਗਿਆਨ ਹੈ । |



If a link is established with some such rare guru orientated beings, then man can swim across the terrifying world ocean :-

1 *This is the distinguishing sign of the Holy Saint, that by meeting with him, one is saved.* 320

2 *Grasping the hem of the robe of the Holy Saint, we cross over the world-ocean.* 218

3 *One who grasps the Hem of the Gown of the Holy Saint, O Nanak, crosses over the terrible world-ocean.* 431

4 *Grasping hold of the hem of His robe, O Siblings of Destiny, we are carried across the world-ocean of fear and pain.* 640

5 *Please attach me to the hem of the robe of the Saadh Sangat, the Company of the Holy; help me to cross over the terrible river.* 702

Our physical, mental and economic life, instead of evolving, it is being wasted away in the doubt-fallacy of materialism and we are getting more entangled in

jealousy
duality
hatred
pride
quarrels
religious prejudice

and feeling more miserable.

To understand, unravel, clarify and explain these lapses, the following details could be helpful.

| Innate spiritual religion | External religion |
|---|---|
| It is the play of intuition. | It is a matter for the intellect. |
| It is wordless. | It has words. |
| It is letter less. | It no letters. |
| It is the innate 'touch'. | It is acquired from the outside. |
| It is intuitional insight. | It can be learnt or taught. |
| It is divine light. | It is intellectual knowledge. |

| | |
|---|---|
| ਜ਼ਾਹਰਾ-ਜ਼ਹੂਰ ਹੈ । | ਭਰਮ-ਭੁਲਾਵਾ । |
| ਇਕੋ-ਇਕ 'ਨਾਮੁ' ਹੈ । | ਅਨੇਕ ਨਾਮ ਹਨ । |
| ਇਕੋ ਰੰਗ ਹੈ । | ਅਨੇਕ ਰੰਗ ਹਨ । |
| ਬਿਸਮਾਦੀ ਖੇਲ ਹੈ | ਦਿਮਾਗੀ ਖੇਲ ਹੈ । |
| ਏਕਤਾ ਹੈ । | ਦਵੈਤ ਹੈ । |
| ਨਿਮਰਤਾ ਹੈ । | ਹਉਮੈ ਦਾ ਬੋਲ-ਬਾਲਾ ਹੈ । |
| ਪਿਆਰ ਹੈ । | ਘਿਰਨਾ ਹੈ । |
| 'ਏਕ ਚਿੰਤਨ' ਹੈ । | ਅਨੇਕ ਚਿੰਤਨ ਹੈ । |
| ਘਰ ਮਹਿ ਸਭ ਕਿਛੁ ਹੈ । | ਬਾਹਰ ਢੂੰਡਣਾ ਹੈ । |
| ਪ੍ਰਿਮ-ਖੇਲ' ਹੈ । | ਫੋਕੇ ਸਾਧਨ ਹਨ । |
| ਅੰਤਰ ਵਿਰੋਲਣਾ ਹੈ । | ਸਰੀਰਕ ਕਰਮ ਕਿਰਿਆ ਹੈ । |

'ਬਾਹਰਮੁਖੀ ਧਰਮਾਂ' ਦੇ **ਪ੍ਰਗਟਾਵੇ ਵੀ ਭਿੰਨ ਭਿੰਨ ਹਨ**, ਜਿਨਾਂ ਵਿਚੋਂ ਟੂਕ ਮਾਤਰ ਕੁਝ ਮਿਸਾਲਾਂ ਦਿਤੀਆਂ ਜਾਂਦੀਆਂ ਹਨ :—

ਕੋਈ ਬੁਤਾਂ ਨੂੰ ਪੂਜਦਾ ਹੈ, ਕੋਈ ਇਸ ਦੀ ਨਿਖੇਧੀ ਕਰਦਾ ਹੈ ।

ਕਿਸੇ 'ਧਰਮ' ਵਿਚ 'ਜੀਵ ਹਤਿਆ' ਨੂੰ 'ਦੀਰਘ-ਪਾਪ ਸਮਝਿਆ ਜਾਂਦਾ ਹੈ, ਅਤੇ ਕਿਸੇ ਵਿਚ ਜੀਵਾਂ ਦੀ ਕੁਰਬਾਨੀ ਦੇਣੀ ਪੁੰਨ ਹੀ ਨਹੀਂ ਬਲਕਿ ਪਰਮਾਰਥ ਦਾ ਵਿਸ਼ੇਸ਼ ਅੰਗ ਮੰਨਿਆ ਜਾਂਦਾ ਹੈ ।

ਮਾਸ ਖਾਣ ਜਾਂ ਨਾ ਖਾਣ ਬਾਰੇ ਵੀ ਵੱਖ-ਵੱਖ ਧਰਮਾਂ ਦੀ ਅੱਡ-ਅੱਡ ਰਾਏ ਹੈ, ਅਤੇ ਕਈਆਂ ਧਰਮਾਂ ਵਿਚ, ਕੇਵਲ ਕਿਸੇ ਖਾਸ ਕਿਸਮ ਦੇ ਮਾਸ ਖਾਣ ਦੀ ਮਨਾਹੀ ਹੈ ।

ਕਿਸੇ ਧਰਮ ਵਿਚ ਧਾਰਮਿਕ ਮੰਦਰ ਅੰਦਰ ਨੰਗੇ ਸਿਰ, ਜੋੜੇ ਆਦਿ ਲਿਜਾਣ ਦੀ ਬਿਲਕੁਲ ਮਨਾਹੀ ਹੈ ਅਤੇ ਸਾਰੀ ਸੰਗਤ ਹੇਠਾਂ ਚੌਂਕੜਾ ਮਾਰ ਕੇ ਬੈਠਦੀ ਹੈ, ਪਰ ਕਈ ਐਸੇ ਵੀ ਮਜ਼ਹਬ ਹਨ, ਜੋ ਧਾਰਮਿਕ ਮੰਦਰ ਵਿਚ, ਨੰਗੇ ਸਿਰ ਅਤੇ ਸਣੇ ਜੋੜੇ ਕੁਰਸੀ ਤੇ ਬੈਠਣ ਦੀ ਇਜਾਜ਼ਤ ਦਿੰਦੇ ਹਨ ।

ਇਕੋ ਹੀ ਧਰਮ ਦੇ ਅਨੇਕਾਂ ਫ਼ਿਰਕਿਆਂ ਵਿਚਕਾਰ, ਧਰਮ ਅਪਨਾਉਣ ਦੀ ਰਸਮ ਯਾ ਮਰਿਆਦਾ (Ceremony of Baptism) ਵਿਚ ਵੀ ਲਿਬਾਸ, ਰਹਿਤ, ਖਾਣ, ਪੀਣ ਆਦਿ ਬਾਰੇ ਅਲਗ-ਅਲਗ ਹਦਾਇਤਾਂ ਪ੍ਰਚਲਤ ਹਨ ।

ਕਿਸੇ ਧਰਮ ਵਿਚ ਜਪ, ਤਪ, ਹਠ, ਯੋਗ, ਵਰਤ, ਤੀਰਥ-ਇਸ਼ਨਾਨ, ਸੁਚਮ, ਮੌਨ ਰਖਣ ਆਦਿ ਸਾਧਨਾਵਾਂ ਨੂੰ **ਬਹੁਤ ਵਿਸ਼ੇਸ਼ਤਾ ਦਿਤੀ ਜਾਂਦੀ ਹੈ,** ਪਰ ਕਿਸੇ ਮਜ਼ਹਬ ਵਿਚ ਇਨਾਂ ਨੂੰ ਕੁਝ ਵੀ ਵਿਸ਼ੇਸਤਾ ਨਹੀਂ ਦਿਤੀ ਜਾਂਦੀ ।



| | |
|---|---|
| It is present in person | It is doubt fallacy |
| It is one and only 'Naam'. | It has numerous names. |
| It has one colour. | It has countless colours. |
| It is a wondrous play. | It is the play of the intellect, |
| It is unity. | It is duality. |
| It is humility. | Ego predominates here. |
| There is love. | There is hatred. |
| There is only one remembrance. | There are numerous remembrances |
| Everything is within the body. | The search is external. |
| This is a play of love. | There are empty rituals |
| It's the churning of the inside. | There are deeds and actions |

The manifestation of the external religions are also varied. A few examples are given from these.

Some worship idols, some condemn them.

In some 'religions' taking life is a cardinal sin and in some others the sacrifice of life is not only regarded as virtuous, but an essential act.

The views on eating meat or not eating it, varies among religions, and in some religions eating of some specific meat is not allowed.

In some religions going into temples with an uncovered head or taking in shoes are strictly not permitted and the whole congregation sits on the floor crossed-legged, whilst there are such religions which allow people to go into the temple without covering the head or removing the shoes.

Within the numerous sects of each religion, different practices pertaining to dress code, food, drinks prevail during the ceremony of baptism.

In some religions great stress is placed on practices such as chants, penance, discipline, joga, bathing is holy places, purity, enforced silence etc, whilst in some others no emphasis is placed on any of these practices.

ਕੋਈ ਧਰਮ, ਰੱਬ ਨੂੰ ਦੱਖਣ ਦੇ ਪਾਸੇ ਹੀ ਵਸਦਾ ਸਮਝਦਾ ਹੈ ਅਤੇ ਕੋਈ ਰਬ ਨੂੰ ਕੇਵਲ ਪੱਛਮ ਵਾਲੇ ਪਾਸੇ ਹੀ ਵਸਦਾ ਸਮਝਦਾ ਹੈ ।

ਕਿਸੇ ਮਜ਼ਹਬ ਵਿਚ ਕੇਵਲ ਸਰਗੁਣ ਦੀ ਪੂਜਾ ਹੈ, ਅਤੇ ਕਿਸੇ ਮਜ਼ਹਬ ਵਿਚ ਨਿਰਗੁਣ ਦੀ ਉਪਾਸ਼ਨਾ ਹੈ । ਕਈ ਐਸੇ ਵੀ ਹਨ, ਜੋ ਨਿਰਗੁਣ ਅਤੇ ਸਰਗੁਣ ਦੋਨਾਂ ਸਰੂਪਾਂ ਵਿਚ ਪ੍ਰਭੂ ਨੂੰ ਵਸਦਾ ਸਮਝਦੇ ਹਨ ।

ਕਈ ਇਸਤ੍ਰੀ ਨੂੰ ਨੀਂਵਾਂ ਸਮਝਦੇ ਹਨ, ਅਤੇ ਕਈ ਧਰਮ ਇਸਤ੍ਰੀ ਨੂੰ ਬਰਾਬਰ ਦਾ ਦਰਜ਼ਾ ਦਿੰਦੇ ਹਨ ।

ਕਿਸੇ ਧਰਮ ਵਿਚ ਬੱਚੇ ਦਾ ਮੁੰਡਨ ਕਰਨਾ ਇਕ ਜ਼ਰੂਰੀ ਰਸਮ ਸਮਝੀ ਜਾਂਦੀ ਹੈ, ਅਤੇ ਕਿਸੇ ਵਿਚ ਇਕ ਰੋਮ ਨੂੰ ਕੱਟਣਾ, ਪੁਟਣਾ ਜਾਂ ਰੰਗਣਾ ਧਾਰਮਿਕ ਰਹਿਤ ਦੇ ਵਿਰੁਧ ਸਮਝਿਆ ਜਾਂਦਾ ਹੈ ।

ਕੋਈ ਧਰਮ ਰੱਬ ਦੀ ਹੋਂਦ ਪ੍ਰਤੀ ਚੁਪ ਹੈ, ਕੋਈ ਮਜ਼ਹਬ ਅਨੇਕਾਂ ਅਵਤਾਰਾਂ ਦੀ ਪੂਜਾ ਵਿਚ ਵਿਸ਼ਵਾਸ ਰਖਦਾ ਹੈ, ਅਤੇ ਕੋਈ ਕੇਵਲ ਇਕ ਰੱਬ ਤੇ ਹੀ ਸ਼ਰਧਾ ਰਖਦਾ ਹੈ ।

ਕੋਈ ਮਜ਼ਹਬ ਰੱਬ, ਕੁਦਰਤ, ਤੇ ਜੀਵ ਆਤਮਾ ਤਿੰਨਾਂ ਨੂੰ ਅਨਾਦੀ ਮੰਨਦਾ ਹੈ, ਅਤੇ ਕੋਈ ਧਰਮ, ਕੇਵਲ ਰੱਬ ਨੂੰ ਹੀ ਅਨਾਦੀ ਮੰਨਦਾ ਹੈ ।

ਕਿਸੇ ਧਰਮ ਵਿਚ ਜਾਤ ਪਾਤ ਦਾ ਖੁਲੇਆਮ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਕੋਈ ਧਰਮ ਜ਼ਾਤ-ਪਾਤ ਦਾ ਭਰਵਾਂ ਖੰਡਨ ਕਰਦਾ ਹੈ ।

ਇਕੋ ਹੀ ਧਰਮ ਵਿਚ, ਇਕੋ ਹੀ ਨਾਮ ਹੇਠ, ਵੱਖ-ਵੱਖ ਭਗਤਾਂ ਦੇ ਧਾਰਮਿਕ ਗ੍ਰੰਥ ਪ੍ਰਚਲਤ ਹਨ । ਕਈ ਐਸੇ ਵੀ ਮਜ਼ਹਬ ਹਨ, ਜਿਨਾਂ ਵਿਚ ਇਕੋ ਹੀ ਧਾਰਮਿਕ ਗ੍ਰੰਥ ਵਿਚ, ਕਿਸੇ ਖਾਸ ਰਚਨਾ ਪ੍ਰਤੀ, ਵੱਖ-ਵੱਖ ਫਿਰਕਿਆਂ ਦੀ ਅਲਗ-ਅਲਗ ਸ਼ਰਧਾ ਤੇ ਕਿੰਤੂ ਜਾਂ ਸ਼ੰਕੇ ਹਨ ।

ਉਪਰਲੀਆਂ ਉਦਾਹਰਣਾਂ ਤੋਂ ਸੁਤੇ ਸਿਧ ਸਪਸ਼ਟ ਹੋ ਜਾਂਦਾ ਹੈ, ਕਿ ਵੱਖ-ਵੱਖ **ਧਰਮਾਂ ਤੇ ਫ਼ਿਰਕਿਆਂ ਵਿਚ :—**

ਰੱਬ
ਕੁਦਰਤ
ਜੀਵ-ਆਤਮਾ
ਮਾਇਆ
ਸਬਦੁ
ਨਾਮੁ



Some religions believe that God exists in the south while some believe that he is found only in the east.

In some religions God's manifestations in the world are worshipped while in some others, the worship of the formless God is practiced. Then there are even those who see God as both the unmanifested (or formless) one and the manifested one (having a form).

Some regard women as lowly and some place them on an even footing.

In some religions they shave a child bald and there are some, where the cutting, plucking or colouring of the hair is against their code of conduct.

Some religion are quiet on the question of the existence of God, and there are others that place their faith in the worship of numerous 'avtars' and there are also those that place their faith in one God.

Some religions believe that God, the creation and mind-soul, all the three, to be without a beginning, and some religions believe that only God is without a beginning.

In some religions the caste-system is widely preached, while some others totally condemn the caste-system.

In one religion, under one name, the compilations of various bhagats exist. Then there are such religions, where criticism or suspicion is leveled at the different faith-filled beliefs held by dissimilar sects pertaining to some specific compilation (in that religion).

From the above examples it is evident that within the sects of the various religions there are contradictory views pertaining to:-

God
the creation
the being of the soul
materialism
Shabad
Naam

ਬਾਣੀ

ਦੇਵੀ ਦੇਵਤੇ

ਅਵਤਾਰ

ਸਾਧ

ਸਵਰਗ

ਨਰਕ

ਪਾਪ

ਪੁੰਨ

ਧਾਰਮਿਕ ਸਾਧਨਾ

ਜਪ

ਤਪ

ਹਠ

ਯੋਗ

ਕਰਮ-ਕ੍ਰਿਆ

ਲਿਬਾਸ

ਰਹਿਤ ਮਰਿਆਦਾ

ਪੂਜਾ,

ਆਦਿ, **ਪ੍ਰਤੀ, ਆਪਸ ਵਿਚ, ਵਿਰੋਧੀ** (Contradictory) **ਵਿਚਾਰ** ਹਨ ।

ਐਸੇ ਧਾਰਮਿਕ **ਵਿਰੋਧੀ ਵਿਚਾਰ**, ਨਵੇਂ ਜਗਿਆਸੂਆਂ ਦੇ ਮਨਾਂ ਵਿਚ **ਰੱਬ, ਧਰਮ ਤੇ ਧਾਰਮਿਕ ਸਾਧਨਾ ਪ੍ਰਥਾਇ, ਅਨੇਕ ਸ਼ੰਕੇ ਪੈਦਾ ਕਰਕੇ, ਉਹਨਾਂ ਦੀ ਆਤਮਿਕ ਤਰੱਕੀ ਵਿਚ ਰੋੜੇ ਅਟਕਾਉਂਦੇ ਹਨ ।** ਇਸ '**ਦੁਬਿਧਾ**' ਦਾ ਨਤੀਜਾ ਇਹ ਨਿਕਲਦਾ ਹੈ, ਕਿ ਕਈ ਸ਼ਰਧਾਲੂ ਇਕੋ-ਇਕ ਸਾਂਝੇ '**ਆਤਮਿਕ ਧਰਮੁ**' **ਤੋਂ ਹੋਰ ਵੀ ਦੁਰੇਡੇ ਚਲੇ ਜਾਂਦੇ ਹਨ ।**

(ਚਲਦਾ...)



bani

demi-gods

prophets

sadh (evolved souls)

heaven

sin

virtue

religious discipline

chants

penance

obstinacy

yoga

rites and rituals

attire

code of conduct

worship

etc.

Such contradictory religious views, create numerous doubts pertaining to God, religion and religious disciplines in the minds of new disciples and hinder their spiritual development. The result of this dilemma is that many disciples move even further from the (concept of) one and only common 'spiritual religion'.

Cont: Lekh 53